# Punjab Government Gazette

## EXTRAORDINARY

*Published by Authority*

CHANDIGARH, MONDAY, APRIL 27, 2026
(VAISAKHA 7, 1948 SAKA)

## ਵਿਧਾਨਕ ਅਨੁਪੂਰਕ

| | ਮਜ਼ਮੂਨ | ਪੰਨੇ |
|---|---|---|
| ਭਾਗ **I** | **ਐਕਟ** | |
| | 1. ਚੰਡੀਗੜ੍ਹ ਯੂਨੀਵਰਸਿਟੀ ਐਕਟ, 2012 (2012 ਦਾ ਪੰਜਾਬ ਐਕਟ ਨੰ. 7) | ...451-472 |
| | 2. ਪੰਜਾਬ ਪਾਣੀ ਵਸੀਲੇ (ਪ੍ਰਬੰਧਨ ਅਤੇ ਵਿਨਿਯਮਨ) ਐਕਟ, 2020 (2020 ਦਾ ਪੰਜਾਬ ਐਕਟ ਨੰ. 2) | ...473-493 |
| ਭਾਗ **II** | **ਆਰਡੀਨੈਂਸ** | |
| | *ਕੋਈ ਨਹੀਂ* | |
| ਭਾਗ **III** | **ਅਧੀਨ ਵਿਧਾਨਕਾਰੀ** | |
| | *ਕੋਈ ਨਹੀਂ* | |
| ਭਾਗ **IV** | **ਦਰੁਸਤੀ ਪਰਚੀਆਂ, ਪੁਨਰ ਪ੍ਰਕਾਸ਼ਨਾਵਾਂ ਅਤੇ ਬਦਲੇ ਪੰਨੇ** | |
| | *ਕੋਈ ਨਹੀਂ* | |

———

ਭਾਗ -1

## ਪੰਜਾਬ ਸਰਕਾਰ

ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ

**ਅਧਿਸੂਚਨਾ**

ਮਿਤੀ 27 ਅਪ੍ਰੈਲ, 2026

**ਨੰ: 34/ਭ.ਕ./2026.-** ਚੰਡੀਗੜ੍ਹ ਯੂਨੀਵਰਸਿਟੀ ਐਕਟ, 2012 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ: 5) ਦੀ ਧਾਰਾ 6-ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ।

DEPARTMENT OF LEGAL AND LEGISLATIVE AFFAIRS

**NOTIFICATION**

The 27th April, 2026

**No. 34/L.C./2026.-** The Translation in Punjabi of the Chandigarh University Act, 2012 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No. 5 of 1967).

## ਚੰਡੀਗੜ੍ਹ ਯੂਨੀਵਰਸਿਟੀ ਐਕਟ, 2012

(2012 ਦਾ ਪੰਜਾਬ ਐਕਟ ਨੰ: 07)

ਪੰਜਾਬ ਰਾਜ ਵਿੱਚ ਪੇਸ਼ੇਵਰ, ਡਾਕਟਰੀ, ਤਕਨੀਕੀ, ਆਮ ਸਿੱਖਿਆ, ਭਾਸ਼ਾ ਅਤੇ ਸਾਹਿਤ ਅਤੇ ਇਸ ਨਾਲ ਸਬੰਧਤ ਜਾਂ ਉਸਦੇ ਅਨੁਸੰਗਕ ਮਾਮਲਿਆਂ ਸਮੇਤ ਉਚੇਰੀ ਸਿੱਖਿਆ ਦੇ ਖੇਤਰ ਵਿੱਚ ਸਿੱਖਿਆ-ਦੀਖਿਆ, ਅਧਿਆਪਨ, ਵਿੱਦਿਆ, ਖੋਜ, ਸਿਖਲਾਈ ਅਤੇ ਸਾਰੇ ਪੱਧਰਾਂ ਦੀਆਂ ਸਬੰਧਤ ਗਤੀਵਿਧੀਆਂ ਦੀ ਵਿਵਸਥਾ ਕਰਨ ਦੇ ਪ੍ਰਯੋਜਨਾਂ ਨਾਲ ਚੰਡੀਗੜ੍ਹ ਯੂਨੀਵਰਸਿਟੀ ਦੇ ਨਾਂ ਨਾਲ ਜਾਣੀ ਜਾਣ ਵਾਲੀ ਇੱਕ ਯੂਨੀਵਰਸਿਟੀ ਸਥਾਪਤ ਅਤੇ ਨਿਗਮਤ ਕਰਨ ਲਈ ਇੱਕ ਐਕਟ;

ਜਦੋਂ ਕਿ ਚੰਡੀਗੜ੍ਹ ਵਿੱਦਿਅਕ ਟ੍ਰਸਟ ਵੱਲੋਂ ਪੰਜਾਬ ਪ੍ਰਾਈਵੇਟ ਯੂਨੀਵਰਸਿਟੀ ਨੀਤੀ, 2010 ਦੇ ਆਧਾਰ ਤੇ ਪੰਜਾਬ ਰਾਜ ਵਿੱਚ ਸਵੈ-ਵਿੱਤੀ ਪੋਸ਼ਣ ਨਾਲ ਉਚੇਰੀ ਸਿੱਖਿਆ ਦੇ ਸਾਰੇ ਪੱਧਰਾਂ ਤੇ ਸਾਰੇ ਸਮਯੋਗਤਾ ਵਰਗਾਂ ਵਿੱਚ ਵਿਵਸਥਾ ਕਰਨ ਸਬੰਧੀ ਯੂਨੀਵਰਸਿਟੀ ਸਥਾਪਤ ਕਰਨ ਲਈ ਰਾਜ ਸਰਕਾਰ ਨੂੰ ਤਜਵੀਜ਼ ਪੇਸ਼ ਕੀਤੀ ਗਈ ਸੀ;

ਜਦੋਂ ਕਿ ਰਾਜ ਸਰਕਾਰ ਉਕਤ ਦਰਸਾਏ ਗਏ ਟ੍ਰਸਟ ਦੀ ਤਜਵੀਜ਼ ਨੂੰ ਧਿਆਨ ਨਾਲ ਵਿਚਾਰਦੇ ਹੋਏ ਇਸ ਨਤੀਜੇ ਤੇ ਪਹੁੰਚੀ ਕਿ ਉਕਤ ਟ੍ਰਸਟ ਯੂਨੀਵਰਸਿਟੀ ਸਥਾਪਤ ਕਰਨ ਅਤੇ ਉਸ ਨੂੰ ਚਲਾਉਣ ਦੇ ਯੋਗ ਹੈ ਅਤੇ ਇਸ

ਅਨੁਸਾਰ ਹੀ ਰਾਜ ਸਰਕਾਰ ਵੱਲੋਂ ਦਰਸਾਈ ਗਈ ਪ੍ਰਾਈਵੇਟ ਯੂਨੀਵਰਸਿਟੀ ਸਥਾਪਤ ਕਰਨ ਲਈ ਉਨ੍ਹਾਂ ਦੀ ਤਜਵੀਜ਼ ਪ੍ਰਵਾਨ ਕਰ ਲਈ ਗਈ ਹੈ;

ਅਤੇ ਜਦੋਂ ਕਿ ਉਕਤ ਹਵਾਲਾ ਕੀਤੇ ਗਏ ਹਾਲਾਤਾਂ ਵਿੱਚ, ਉਪਰੋਕਤ ਦਰਸਾਏ ਗਏ ਪ੍ਰਯੋਜਨਾਂ ਲਈ ਚੰਡੀਗੜ੍ਹ ਯੂਨੀਵਰਸਿਟੀ ਦੀ ਜਲਦੀ ਸਥਾਪਨਾ ਕਰਨੀ ਉਚਿਤ ਸਮਝੀ ਜਾਂਦੀ ਹੈ।

ਭਾਰਤ ਗਣਰਾਜ ਦੇ ਤਰੇਹਠਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ:-

ਸੰਖੇਪ ਨਾਂ ਅਤੇ ਅਰੰਭ।

1. (1) ਇਸ ਐਕਟ ਨੂੰ ਚੰਡੀਗੜ੍ਹ ਯੂਨੀਵਰਸਿਟੀ ਐਕਟ, 2012 ਕਿਹਾ ਜਾ ਸਕੇਗਾ।

(2) ਇਹ ਤੁਰੰਤ ਨਾਫ਼ਜ਼ ਹੋਵੇਗਾ।

ਪਰਿਭਾਸ਼ਾਵਾਂ।

2. ਇਸ ਐਕਟ ਵਿੱਚ, ਜੇਕਰ ਪ੍ਰਸੰਗ ਹੋਰ ਤਰ੍ਹਾਂ ਨਾ ਲੋੜੇ,-

(ੳ) 'ਅਕਾਦਮਿਕ ਕੌਂਸਲ' ਦਾ ਮਤਲਬ ਹੈ ਯੂਨੀਵਰਸਿਟੀ ਦੀ ਅਕਾਦਮਿਕ ਕੌਂਸਲ;

(ਅ) 'ਅਥਾਰਟੀਆਂ' ਦਾ ਮਤਲਬ ਹੈ ਯੂਨੀਵਰਸਿਟੀ ਦੀਆਂ ਅਥਾਰਟੀਆਂ;

(ੲ) 'ਪ੍ਰਬੰਧ-ਬੋਰਡ' ਦਾ ਮਤਲਬ ਹੈ ਯੂਨੀਵਰਸਿਟੀ ਦਾ ਪ੍ਰਬੰਧ ਬੋਰਡ;

(ਸ) 'ਅਧਿਐਨ ਬੋਰਡ' ਦਾ ਮਤਲਬ ਹੈ ਸ਼ਾਸਕ ਬੌਡੀ ਦੁਆਰਾ ਗਠਤ ਕੀਤੀ ਗਈ ਇੱਕ ਬੌਡੀ;

(ਹ) 'ਕੈਂਪਸ' ਦਾ ਮਤਲਬ ਹੈ ਯੂਨੀਵਰਸਿਟੀ ਦੇ ਕੈਂਪਸ ਜਿਸ ਵਿੱਚ ਉਸ ਤੋਂ ਦੂਰ ਕੈਂਪਸ, ਦੂਜੇ ਦੇਸਾਂ ਵਿੱਚ ਕੈਂਪਸ ਅਤੇ ਖੇਤਰੀ ਕੈਂਪਸ ਸ਼ਾਮਲ ਹਨ;

(ਕ) 'ਚੇਅਰਮੈਨ' ਦਾ ਮਤਲਬ ਹੈ ਟ੍ਰਸਟ ਦਾ ਚੇਅਰਮੈਨ;

(ਖ) 'ਚਾਂਸਲਰ' ਦਾ ਮਤਲਬ ਹੈ ਯੂਨੀਵਰਸਿਟੀ ਦਾ ਚਾਂਸਲਰ;

(ਗ) 'ਮੁੱਖ ਵਿੱਤ ਅਤੇ ਲੇਖਾ ਅਧਿਕਾਰੀ' ਦਾ ਮਤਲਬ ਹੈ ਯੂਨੀਵਰਸਿਟੀ ਦਾ ਮੁੱਖ ਵਿੱਤ ਅਤੇ ਲੇਖਾ ਅਧਿਕਾਰੀ;

(ਘ) 'ਡੀਨ' ਦਾ ਮਤਲਬ ਹੈ ਯੂਨੀਵਰਸਿਟੀ ਦਾ ਡੀਨ;

(ਙ) 'ਸ਼ਾਸਕ ਬੌਡੀ' ਦਾ ਮਤਲਬ ਹੈ ਯੂਨੀਵਰਸਿਟੀ ਦੀ ਸ਼ਾਸਕ ਬੌਡੀ;

(ਚ) 'ਸੰਸਥਾ' ਦਾ ਮਤਲਬ ਹੈ ਪੰਜਾਬ ਰਾਜ ਦੇ ਅੰਦਰ ਜਾਂ ਬਾਹਰ ਯੂਨੀਵਰਸਿਟੀ ਦੁਆਰਾ ਚਲਾਈ ਜਾ ਰਹੀ ਜਾਂ ਪ੍ਰਬੰਧ ਕੀਤੀ ਗਈ ਜਾਂ ਕੋਈ ਸੰਸਥਾ ਜਾਂ ਇੰਸਟੀਚਿਊਟ ਜਾਂ ਕਾਲਜ ਜਾਂ ਅਕਾਦਮਿਕ ਕੇਂਦਰ (ਜੋ ਕਿ ਕਿਸੇ ਵੀ ਨਾਂ ਨਾਲ ਜਾਣਿਆ ਜਾਂਦਾ ਹੋਵੇ);

(ਛ) 'ਮੁਕੱਰਰ' ਦਾ ਮਤਲਬ ਹੈ ਪ੍ਰਵਿਧਾਨਾਂ, ਆਰਡੀਨੈਂਸਾਂ ਅਤੇ ਵਿਨਿਯਮਾਂ ਦੁਆਰਾ ਮੁਕੱਰਰ ਕੀਤਾ ਗਿਆ;

(ਜ) 'ਰਜਿਸਟਰਾਰ' ਦਾ ਮਤਲਬ ਹੈ ਯੂਨੀਵਰਸਿਟੀ ਦਾ ਰਜਿਸਟਰਾਰ;

(ਝ) 'ਰਾਜ ਸਰਕਾਰ' ਦਾ ਮਤਲਬ ਹੈ ਪੰਜਾਬ ਰਾਜ ਦੀ ਸਰਕਾਰ;

(ਞ) 'ਪ੍ਰਵਿਧਾਨਾਂ', 'ਆਰਡੀਨੈਂਸਾਂ' ਅਤੇ 'ਵਿਨਿਯਮਾਂ' ਦਾ ਮਤਲਬ ਹੈ ਇਸ ਦੁਆਰਾ ਇਸ ਐਕਟ ਅਧੀਨ ਬਣਾਏ ਯੂਨੀਵਰਸਿਟੀ ਦੇ 'ਪ੍ਰਵਿਧਾਨ', 'ਆਰਡੀਨੈਂਸ' ਅਤੇ 'ਵਿਨਿਯਮ';

(ਟ) 'ਅਧਿਆਪਕ', ਜਿਸ ਵਿੱਚ ਪ੍ਰੋਫ਼ੈਸਰ, ਰੀਡਰ, ਐਸੋਸੀਏਟ ਪ੍ਰੋਫ਼ੈਸਰ, ਸਹਾਇਕ ਪ੍ਰੋਫ਼ੈਸਰ, ਲੈਕਚਰਾਰ ਅਤੇ ਕੋਈ ਅਜਿਹਾ ਦੂਸਰਾ ਵਿਅਕਤੀ ਜੋ ਯੂਨੀਵਰਸਿਟੀ ਜਾਂ ਇਸ ਦੀਆਂ ਕਿਸੇ ਸੰਸਥਾਵਾਂ ਵਿੱਚ ਪੂਰਨਕਾਲੀ ਜਾਂ ਅੰਸ਼ਕ ਕਾਲੀ ਆਧਾਰ ਤੇ ਸਿੱਖਿਆ ਦਿੰਦਾ ਹੈ, ਸ਼ਾਮਲ ਹਨ;

(ਠ) 'ਟ੍ਰਸਟ' ਦਾ ਮਤਲਬ ਹੈ ਸੋਸਾਇਟੀ ਰਜਿਸਟਰੇਸ਼ਨ ਐਕਟ, 1860 (1860 ਦਾ 21) ਅਧੀਨ ਰਜਿਸਟਰਸ਼ੁਦਾ ਚੰਡੀਗੜ੍ਹ ਵਿੱਦਿਅਕ ਟ੍ਰਸਟ;

(ਡ) 'ਯੂਨੀਵਰਸਿਟੀ' ਦਾ ਮਤਲਬ ਹੈ ਇਸ ਐਕਟ ਦੀ ਧਾਰਾ 3 ਅਧੀਨ ਸਥਾਪਤ ਚੰਡੀਗੜ੍ਹ ਯੂਨੀਵਰਸਿਟੀ;

(ਢ) 'ਵਾਈਸ-ਚਾਂਸਲਰ' ਦਾ ਮਤਲਬ ਹੈ ਯੂਨੀਵਰਸਿਟੀ ਦਾ ਵਾਈਸ-ਚਾਂਸਲਰ; ਅਤੇ

(ਣ) 'ਵਿਜ਼ਿਟਰ' ਦਾ ਮਤਲਬ ਹੈ ਯੂਨੀਵਰਸਿਟੀ ਦਾ ਵਿਜ਼ਿਟਰ।

3. (1) ਪੰਜਾਬ ਰਾਜ ਵਿੱਚ ਚੰਡੀਗੜ੍ਹ ਯੂਨੀਵਰਸਿਟੀ ਦੇ ਨਾਂ ਨਾਲ ਇੱਕ ਪ੍ਰਾਈਵੇਟ ਯੂਨੀਵਰਸਿਟੀ ਸਥਾਪਤ ਕੀਤੀ ਜਾਵੇਗੀ। ਯੂਨੀਵਰਸਿਟੀ ਦੀ ਸਥਾਪਨਾ।

(2) ਯੂਨੀਵਰਸਿਟੀ ਇਸ ਐਕਟ ਦੇ ਉਪਬੰਧਾਂ ਦੀ ਅਨੁਸਾਰਤਾ ਵਿੱਚ ਟ੍ਰਸਟ ਦੁਆਰਾ ਚਲਾਈ ਅਤੇ ਉਸ ਦੁਆਰਾ ਉਸ ਦਾ ਪ੍ਰਬੰਧ ਕੀਤਾ ਜਾਵੇਗਾ।

(3) ਯੂਨੀਵਰਸਿਟੀ ਉਪ-ਧਾਰਾ (1) ਵਿੱਚ ਜ਼ਿਕਰ ਕੀਤੇ ਨਾਂ ਦੁਆਰਾ ਇੱਕ ਨਿਗਮਤ ਬੌਡੀ ਹੋਵੇਗੀ ਅਤੇ ਇਸ ਦਾ ਸਦੀਵੀ ਉਤਰਾਧਿਕਾਰ ਹੋਵੇਗਾ ਅਤੇ ਇਸ ਦੀ ਇੱਕ ਸਾਂਝੀ ਮੁਹਰ ਹੋਵੇਗੀ। ਇਸ ਕੋਲ ਚੁੱਕਵੀਂ ਅਤੇ ਅਚੁੱਕਵੀਂ ਦੋਵੇਂ ਤਰ੍ਹਾਂ ਦੀਆਂ ਸੰਪੱਤੀਆਂ ਨੂੰ ਅਰਜਤ ਕਰਨ, ਧਾਰਨ ਕਰਨ ਅਤੇ ਉਸ ਦਾ ਨਿਬੇੜਾ ਕਰਨ ਅਤੇ ਮੁਆਇਦਾ ਕਰਨ ਦੀ ਸ਼ਕਤੀ ਹੋਵੇਗੀ ਅਤੇ ਉਕਤ ਨਾਂ ਨਾਲ ਉਹ ਦਾਵਾ ਕਰ ਸਕੇਗੀ ਅਤੇ ਉਸ ਤੇ ਦਾਵਾ ਕੀਤਾ ਜਾ ਸਕੇਗਾ।

(4) ਯੂਨੀਵਰਸਿਟੀ ਦਾ ਮੁੱਖ ਦਫ਼ਤਰ ਪਿੰਡ ਘੜੂੰਆਂ, ਤਹਿਸੀਲ ਖਰੜ, ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਵਿਖੇ ਹੋਵੇਗਾ।

(5) ਯੂਨੀਵਰਸਿਟੀ ਸਵੈ-ਵਿੱਤ ਪੋਸ਼ਣ ਹੋਵੇਗੀ ਅਤੇ ਇਹ ਰਾਜ ਸਰਕਾਰ ਪਾਸੋਂ ਕੋਈ ਗ੍ਰਾਂਟ ਜਾਂ ਕਿਸੇ ਹੋਰ ਵਿੱਤੀ ਸਹਾਇਤਾ ਪ੍ਰਾਪਤ ਕਰਨ ਲਈ ਹੱਕਦਾਰ ਨਹੀਂ ਹੋਵੇਗੀ।

ਯੂਨੀਵਰਸਿਟੀ ਦੇ ਉਦੇਸ਼।

4. ਯੂਨੀਵਰਸਿਟੀ ਦੇ ਹੇਠ-ਲਿਖੇ ਉਦੇਸ਼ ਹੋਣਗੇ,-

(i) ਸਮਾਜ ਅਤੇ ਉਦਯੋਗ ਦੀਆਂ ਆਮ ਜ਼ਰੂਰਤਾਂ ਅਨੁਸਾਰ ਜਿਵੇਂ ਕਿ ਯੂਨੀਵਰਸਿਟੀ ਦੁਆਰਾ ਸਿੱਖਿਆ ਦੀਆਂ ਸਾਰੀਆਂ ਵਿਧੀਆਂ ਰਾਹੀਂ ਜ਼ਰੂਰੀ ਸਮਝਿਆ ਜਾਵੇ, ਜੋ ਭਵਿੱਖ ਵਿੱਚ ਉੱਭਰ ਸਕਦੇ ਹਨ, ਉੱਚ ਸਿੱਖਿਆ ਦੇ ਸਾਰੇ ਵਿਸ਼ਿਆਂ ਵਿੱਚ ਸਾਰੇ ਪੱਧਰਾਂ ਤੇ ਅਤੇ ਕੋਈ ਹੋਰ ਸਮਯੋਗਤਾ ਵਰਗ ਅਤੇ ਵਿਸ਼ੇ ਵਿੱਚ ਸਿੱਖਿਆ, ਅਧਿਆਪਨ, ਵਿੱਦਿਆ, ਖੋਜ ਅਤੇ ਸਿਖਲਾਈ ਪ੍ਰਦਾਨ ਕਰਨਾ ਜਿਸ ਵਿੱਚ ਪੇਸ਼ੇਵਰ, ਮੈਡੀਕਲ, ਤਕਨੀਕੀ, ਆਮ ਸਿੱਖਿਆ ਸ਼ਾਮਲ ਹਨ;

(ii) ਪੇਂਡੂ ਵਿਦਿਆਰਥੀਆਂ ਦੇ ਅਕਾਦਮਿਕ ਅਭਿਲਾਸ਼ੀਆਂ ਨੂੰ ਪ੍ਰਫੁੱਲਤ ਕਰਨਾ;

(iii) ਉਦਯੋਗ ਆਧਾਰਤ ਅਧਿਆਪਨ, ਸਿਖਲਾਈ ਅਤੇ ਖੋਜ ਦੇ ਵਿਸਤਾਰ ਪ੍ਰੋਗਰਾਮਾਂ ਨੂੰ ਆਪਣੇ ਜ਼ਿੰਮੇ ਲੈਣਾ ਅਤੇ ਟ੍ਰਸਟ ਦੇ ਵਿਕਾਸ ਵਿੱਚ ਯੋਗਦਾਨ ਦੇਣ ਦੀ ਦ੍ਰਿਸ਼ਟੀ ਤੋਂ ਰੁਜ਼ਗਾਰ ਯੋਗ ਹੁਨਰ ਪ੍ਰਦਾਨ ਕਰਨਾ;

(iv) ਗਿਆਨ, ਬੁੱਧੀ ਅਤੇ ਸਮਝ ਦੀ ਖੋਜ, ਸਿਰਜਣਾ, ਉੱਨਤੀ ਅਤੇ ਪ੍ਰਸਾਰ ਕਰਨ ਲਈ ਵਿਵਸਥਾ ਕਰਨਾ;

(v) ਅਕਾਦਮਿਕ ਉਦਯੋਗ ਸਬੰਧ ਲਈ ਮੁੱਖ ਉਦਯੋਗਿਕ ਘਰਾਣਿਆਂ ਨੂੰ ਕੈਂਪਸ ਵਿੱਚ ਉਹਨਾਂ ਦੇ ਸੰਬੰਧਤ ਨਿਗਮਤ ਸੰਸਥਾਵਾਂ ਨੂੰ ਸਥਾਪਤ ਕਰਨ ਲਈ ਉਤਸ਼ਾਹਿਤ ਅਤੇ ਪ੍ਰੇਰਿਤ ਕਰਨਾ;

(vi) ਗਿਆਨ ਦਾ ਪ੍ਰਸਾਰ ਕਰਨਾ ਤਾਂ ਜੋ ਇਸ ਨੂੰ ਟ੍ਰਸਟ ਦੀ ਹਰ ਸ਼੍ਰੇਣੀ ਤੱਕ ਪਹੁੰਚਯੋਗ ਬਣਾਇਆ ਜਾ ਸਕੇ;

(vii) ਪੰਜਾਬੀ ਭਾਸ਼ਾ ਅਤੇ ਸਾਹਿਤ ਦੀ ਖੋਜ ਲਈ ਵਿਵਸਥਾ ਕਰਨ ਲਈ ਪੰਜਾਬੀ ਅਧਿਐਨ ਨੂੰ ਤਰੱਕੀ ਦੇਣਾ ਅਤੇ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੇ ਵਿਕਾਸ ਲਈ ਉਪਾਅ ਕਰਨੇ; ਅਤੇ

(viii) ਅਜਿਹੇ ਸਭ ਕਾਰਜਾਂ ਨੂੰ ਕਰਨਾ ਜਿਵੇਂ ਕਿ ਯੂਨੀਵਰਸਿਟੀ ਦੇ ਉਦੇਸ਼ਾਂ ਨੂੰ ਵਧਾਵਾ ਦੇਣ ਲਈ ਜ਼ਰੂਰੀ ਜਾਂ ਵਾਂਛਣੀ ਹੋਣ।

ਯੂਨੀਵਰਸਿਟੀ ਦੀਆਂ ਸ਼ਕਤੀਆਂ ਅਤੇ ਕਾਜਕਾਰ।

5. ਯੂਨੀਵਰਸਿਟੀ ਦੀਆਂ ਹੇਠ-ਲਿਖੀਆਂ ਸ਼ਕਤੀਆਂ ਅਤੇ ਕਾਜਕਾਰ ਹੋਣਗੇ ਜੋ ਕਿ ਉਸ ਦੁਆਰਾ ਜਾਂ ਉਸ ਦੇ ਅਧਿਕਾਰੀਆਂ ਅਤੇ ਅਥਾਰਟੀਆਂ ਦੁਆਰਾ ਵਰਤੋਂ ਕੀਤੀਆਂ ਜਾਣਗੀਆਂ ਅਤੇ ਨਿਭਾਏ ਜਾਣਗੇ, ਅਰਥਾਤ:-

(i) ਆਨਲਾਈਨ ਸਿੱਖਿਆ ਵਿਧੀਆਂ ਸਮੇਤ ਰਵਾਇਤੀ ਅਤੇ ਨਵੇਂ ਨਵੀਨਕਾਰੀ ਢੰਗਾਂ ਰਾਹੀਂ ਕੋਰਸਾਂ ਨਾਲ ਸਬੰਧਤ ਸਿੱਖਿਆ, ਅਧਿਆਪਨ, ਵਿੱਦਿਆ ਅਤੇ ਖੋਜ ਲਈ ਉਪਬੰਧ ਕਰਨਾ;

(ii) ਪ੍ਰੀਖਿਆਵਾਂ ਦਾ ਸੰਚਾਲਣ ਕਰਨਾ ਅਤੇ ਕਰਵਾਉਣਾ ਅਤੇ ਡਿਗਰੀਆਂ, ਡਿਪਲੋਮੇ, ਸਰਟੀਫਿਕੇਟ, ਐਵਾਰਡ, ਗਰੇਡ, ਦਰਜੇ, ਮਾਨਅਰਥ ਡਿਗਰੀਆਂ, ਅਕਾਦਮਿਕ ਉਪਾਧੀਆਂ ਅਤੇ ਹੋਰ ਉਪਾਧੀਆਂ ਅਤੇ ਸਰਟੀਫਿਕੇਟ ਦੇਣਾ ਜਾਂ ਪ੍ਰਦਾਨ ਕਰਨਾ;

(iii) ਜਿਵੇਂ ਵੀ ਯੂਨੀਵਰਸਿਟੀ ਜਾਂ ਇਸ ਦੀ ਸੰਸਥਾ ਲੋੜੀਂਦਾ ਹੋਵੇ ਉਸ ਅਨੁਸਾਰ ਪ੍ਰੋਫ਼ੈਸਰ, ਐਸੋਸੀਏਟ ਪ੍ਰੋਫ਼ੈਸਰ, ਰੀਡਰ, ਸਹਾਇਕ ਪ੍ਰੋਫ਼ੈਸਰ, ਲੈਕਚਰਾਰ ਜਾਂ ਇਸ ਦੇ ਬਰਾਬਰ ਦੇ ਕਿਸੇ ਹੋਰ ਅਹੁਦੇ ਨੂੰ ਸੰਸਥਿਤ ਅਤੇ ਪ੍ਰਦਾਨ ਕਰਨਾ ਅਤੇ ਅਜਿਹੇ ਵਿਅਕਤੀਆਂ ਦੀ ਨਿਯੁਕਤੀ ਕਰਨੀ;

(iv) ਫੈਲੋਸ਼ਿਪਾਂ, ਵਜ਼ੀਫ਼ਾ, ਵਿਦਿਆਰਥੀ-ਵਜੀਫ਼ਾ, ਵਜ਼ੀਫ਼ੇ ਸੰਸਥਿਤ ਕਰਨਾ ਅਤੇ ਐਵਾਰਡ ਦੇਣਾ, ਜਿਵੇਂ ਕਿ ਮੁਕੱਰਰ ਕੀਤਾ ਜਾਵੇ;

(v) ਉਨ੍ਹਾਂ ਵਿਦਿਆਰਥੀਆਂ ਨੂੰ ਜਿਨ੍ਹਾਂ ਵੱਲੋਂ ਕਿਸੇ ਦੂਸਰੀ ਮਾਨਤਾ ਪ੍ਰਾਪਤ ਯੂਨੀਵਰਸਿਟੀ, ਬੋਰਡ ਜਾਂ ਪਰਿਸ਼ਦ ਜਾਂ ਕਿਸੇ ਹੋਰ ਸ਼ਕਤਵਾਨ ਅਥਾਰਟੀ ਤੋਂ ਕੋਰਸ ਪੂਰੇ ਕੀਤੇ ਗਏ ਹਨ, ਉਹਨਾਂ ਦੀਆਂ ਡਿਗਰੀਆਂ, ਡਿਪਲੋਮੇ ਅਤੇ ਸਰਟੀਫਿਕੇਟਾਂ ਨੂੰ ਬਰਾਬਰਤਾ ਪ੍ਰਦਾਨ ਕਰਨੀ;

(vi) ਪਰਸਪਰ ਆਧਾਰ ਤੇ ਦੂਸਰੀਆਂ ਯੂਨੀਵਰਸਿਟੀਆਂ ਦੀ ਤੁਲਨਾ ਵਿੱਚ ਦੋਹਰੀ ਡਿਗਰੀ, ਡਿਪਲੋਮਾ ਜਾਂ ਸਰਟੀਫਿਕੇਟ ਪ੍ਰਦਾਨ ਕਰਨੇ;

(vii) ਕੇਂਦਰੀ ਲਾਇਬਰੇਰੀ, ਵਿਭਾਗੀ ਲਾਇਬਰੇਰੀਆਂ, ਅਜਾਇਬ-ਘਰਾਂ ਅਤੇ ਸਮਵਰਤੀ ਮਾਮਲਿਆਂ ਨੂੰ ਸਥਾਪਤ ਕਰਨਾ;

(viii) ਫ਼ੀਸਾਂ ਅਤੇ ਹੋਰ ਖਰਚਿਆਂ ਦੀ ਮੰਗ ਕਰਨੀ, ਜਿਵੇਂ ਮੁਕੱਰਰ ਕੀਤਾ ਜਾਵੇ;

(ix) ਯੂਨੀਵਰਸਿਟੀ ਦੇ ਪੱਖ ਵਿੱਚ ਬਣਾਏ ਗਏ ਟ੍ਰਸਟ ਅਤੇ ਇੰਡੋਮੈਂਟ ਦੇ ਫ਼ੰਡਾਂ ਨੂੰ ਧਾਰਣ ਕਰਨਾ, ਉਨ੍ਹਾਂ ਦਾ ਪ੍ਰਬੰਧ ਕਰਨਾ ਅਤੇ ਉਨ੍ਹਾਂ ਨੂੰ ਚਲਾਉਣਾ;

(x) ਮਾਨਅਰਥ ਡਿਗਰੀਆਂ ਸੰਸਥਿਤ ਅਤੇ ਪ੍ਰਦਾਨ ਕਰਨੀਆਂ, ਜਿਵੇਂ ਮੁਕੱਰਰ ਕੀਤਾ ਜਾਵੇ;

(xi) ਅਕਾਦਮਿਕ ਉੱਤਮਤਾ ਦੇ ਕਾਰਜਾਂ ਨੂੰ ਛਾਪਣਾ ਅਤੇ ਪ੍ਰਕਾਸ਼ਿਤ ਕਰਨਾ;

(xii) ਸਮਾਜ ਦੇ ਵਿੱਦਿਅਕ ਤੌਰ ਤੇ ਪੱਛੜੇ ਸਤਰ ਵਿੱਚ ਵਿੱਦਿਅਕ ਸਹੂਲਤਾਂ ਦੇ ਪ੍ਰਸਾਰ ਲਈ ਵਿਸ਼ੇਸ਼ ਉਪਾਅ ਕਰਨੇ;

(xiii) ਖੇਡਾਂ ਨੂੰ ਉਤਸ਼ਾਹਿਤ ਕਰਨਾ ਅਤੇ ਪ੍ਰਫੁੱਲਤ ਕਰਨਾ;

(xiv) ਤਕਨੀਕੀ, ਪ੍ਰਬੰਧਕੀ, ਮਨਿਸਟੀਰੀਅਲ ਅਤੇ ਹੋਰ ਜ਼ਰੂਰੀ ਆਸਾਮੀਆਂ ਦੀ ਸਿਰਜਨਾ ਕਰਨਾ ਅਤੇ ਉਨ੍ਹਾਂ ਤੇ ਨਿਯੁਕਤੀਆਂ ਕਰਨਾ;

(xv) ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਅਤੇ ਹੋਰ ਕੇਂਦਰੀ ਜਾਂ ਰਾਜ ਏਜੰਸੀਆਂ ਪਾਸੋਂ ਗ੍ਰਾਂਟਾਂ ਪ੍ਰਾਪਤ ਕਰਨੀਆਂ;

(xvi) ਯੂਨੀਵਰਸਿਟੀ ਲਈ ਉਧਾਰ ਲੈਣਾ ਅਤੇ ਪੇਸ਼ਗੀ ਰਕਮ ਨੂੰ ਪ੍ਰਾਪਤ ਕਰਨਾ;

(xvii) ਖੇਤੀਬਾੜੀ, ਉਦਯੋਗ ਅਤੇ ਕਾਰੋਬਾਰ ਦੇ ਬਾਰੇ ਵਿੱਚ ਪਰਸਪਰ ਤੌਰ ਤੇ ਸਵੀਕਾਰਯੋਗ ਨਿਬੰਧਨਾਂ ਅਤੇ ਸ਼ਰਤਾਂ 'ਤੇ ਖੋਜ ਪ੍ਰੋਜੈਕਟ ਦਾ ਜ਼ਿੰਮਾ ਲੈਣਾ;

(xviii) ਮਸ਼ਵਰਾ ਸੇਵਾਵਾਂ ਮੁਹੱਈਆ ਕਰਨਾ;

(xix) ਯੂਨੀਵਰਸਿਟੀ ਦੇ ਅਧਿਆਪਕਾਂ, ਵਿਦਿਆਰਥੀਆਂ ਅਤੇ ਕਰਮਚਾਰੀਆਂ ਦੇ ਸਖ਼ਸੀਅਤ ਵਿਕਾਸ ਲਈ ਪਾਠਕ੍ਰਮ ਤੋਂ ਬਾਹਰਲੀਆਂ ਸਰਗਰਮੀਆਂ ਨੂੰ ਉਤਸ਼ਾਹਿਤ ਅਤੇ ਪ੍ਰਫੁੱਲਤ ਕਰਨਾ;

(xx) ਯੂਨੀਵਰਸਿਟੀ ਵਿੱਚ ਨਿਹਿਤ ਜਾਂ ਯੂਨੀਵਰਸਿਟੀ ਨਾਲ ਸਬੰਧਤ ਕਿਸੇ ਚੁੱਕਵੀਂ ਜਾਂ ਅਚੁੱਕਵੀਂ ਸੰਪਤੀ ਨੂੰ ਖਰੀਦਣਾ, ਅਰਜਤ ਕਰਨਾ ਅਤੇ ਪੱਟੇ ਤੇ ਲੈਣਾ ਜਾਂ ਰਹਿਨ ਕਰਨਾ ਅਤੇ ਕਿਸੇ ਵੀ ਚੁੱਕਵੀਂ ਜਾਂ ਅਚੁੱਕਵੀਂ ਸੰਪੱਤੀ ਨੂੰ ਵੇਚਣਾ, ਪੱਟੇ ਤੇ ਦੇਣਾ, ਰਹਿਨ ਕਰਨਾ, ਹੱਥ ਬਦਲੀ ਕਰਨਾ ਅਤੇ ਇੰਤਕਾਲ ਕਰਨਾ;

(xxi) ਵਿਦਿਆਰਥੀਆਂ ਦੀਆਂ ਵੱਖ-ਵੱਖ ਸ਼੍ਰੇਣੀਆਂ ਲਈ ਫ਼ੀਸ ਢਾਂਚਾ ਮੁਕੱਰਰ ਕਰਨਾ;

(xxii) ਪਰਸਪਰ ਤੌਰ 'ਤੇ ਸਵੀਕਾਰਯੋਗ ਨਿਬੰਧਨਾਂ ਅਤੇ ਸ਼ਰਤਾਂ ਤੇ ਹੋਰ ਸੰਸਥਾਵਾਂ ਨਾਲ ਮਿਲਵਰਤਨ ਚਾਹੁਣਾ;

(xxiii) ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਦੁਆਰਾ ਉਲਿਖਤ ਕੀਤੇ ਗਏ ਮਿਆਰਾਂ ਦੀ ਅਨੁਸਾਰਤਾ ਵਿੱਚ ਯੂਨੀਵਰਸਿਟੀ ਦੇ

ਕਰਮਚਾਰੀਆਂ ਅਤੇ ਅਧਿਆਪਕਾਂ ਦੀਆਂ ਤਨਖਾਹਾਂ, ਮਿਹਨਤਾਨੇ ਅਤੇ ਮਾਣ-ਭੱਤੇ ਨਿਯਤ ਕਰਨਾ, ਨਿਰਧਾਰਤ ਕਰਨਾ ਅਤੇ ਮੁਹੱਈਆ ਕਰਵਾਉਣਾ;

(xxiv) ਸਵੈ-ਪ੍ਰਮਾਣਨ ਕਰਨਾ ਜਿਸ ਨੂੰ ਰਾਜ ਸਰਕਾਰ ਜਾਂ ਰਾਜ ਸਰਕਾਰ ਦੁਆਰਾ ਸਥਾਪਤ ਕੀਤੀ ਗਈ ਕਿਸੇ ਹੋਰ ਬੌਡੀ ਪਾਸੋਂ ਕਿਸੇ ਆਗਿਆ, ਪ੍ਰਵਾਨਗੀ, ਲਸੰਸ, ਸਰਟੀਫਿਕੇਟ, ਇਤਰਾਜ਼ਹੀਣਤਾ ਸਰਟੀਫਿਕੇਟ ਜਾਂ ਅਧਿਕਾਰ ਪ੍ਰਾਪਤ ਕਰਨ ਤੋਂ ਛੋਟ ਦਿੱਤੀ ਜਾਵੇਗੀ;

(xxv) ਯੂਨੀਵਰਸਿਟੀ ਦੇ ਉਦੇਸ਼ਾਂ ਨੂੰ ਸਿਰੇ ਚਾੜ੍ਹਨ ਲਈ ਪ੍ਰਵਿਧਾਨ, ਆਰਡੀਨੈਂਸ ਅਤੇ ਵਿਨਿਯਮ ਬਣਾਉਣੇ;

(xxvi) ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਦੀਆਂ ਸੇਧਾਂ ਅਨੁਸਾਰ ਅਤੇ ਸਮੇਂ ਸਮੇਂ ਤੇ ਰਾਜ ਸਰਕਾਰ ਦੁਆਰਾ ਜਾਰੀ ਹਦਾਇਤਾਂ ਦੇ ਅਨੁਸਾਰ ਸੰਘਟਕ ਕਾਲਜ, ਸੰਸਥਾਵਾਂ, ਦੂਰ ਕੈਂਪਸ ਕੇਂਦਰ, ਦੂਜੇ ਦੇਸ਼ਾਂ ਵਿੱਚ ਕੈਂਪਸ ਕੇਂਦਰ, ਜ਼ੋਨਲ ਜਾਂ ਖੇਤਰੀ ਕੇਂਦਰ, ਪੜ੍ਹਾਈ ਕੇਂਦਰ, ਸਿਖਲਾਈ ਕੇਂਦਰ (ਇਨ੍ਹਾਂ ਨੂੰ ਕਿਸੇ ਵੀ ਨਾਂ ਨਾਲ ਬੁਲਾਇਆ ਜਾਵੇ) ਨੂੰ ਸਥਾਪਤ ਕਰਨਾ; ਅਤੇ

(xxvii) ਅਜਿਹੇ ਹੋਰ ਸਭ ਕਾਜਕਾਰ ਕਰਨਾ, ਜੋ ਯੂਨੀਵਰਸਿਟੀ ਦੇ ਉਦੇਸ਼ਾਂ ਨੂੰ ਅੱਗੇ ਵਧਾਉਣ ਲਈ ਜ਼ਰੂਰੀ ਜਾਂ ਵਾਂਛਨੀ ਹੋ ਸਕਦੇ ਹੋਣ।

ਯੂਨੀਵਰਸਿਟੀ ਦੀ ਅਧਿਕਾਰਤਾ।

6. (1) ਯੂਨੀਵਰਸਿਟੀ ਆਪਣੇ ਕੈਂਪਸਾਂ ਅੰਦਰ ਹੀ ਆਪਣੀ ਅਧਿਕਾਰਤਾ ਦੀ ਵਰਤੋਂ ਕਰੇਗੀ।

(2) ਯੂਨੀਵਰਸਿਟੀ ਉਨ੍ਹਾਂ ਵਿੱਦਿਅਕ ਜਾਂ ਪੇਸ਼ਾਵਰ ਸੰਸਥਾਵਾਂ ਨੂੰ ਆਪਣੇ ਨਾਲ ਸੰਬੱਧ ਕਰੇਗੀ ਜਿਹੜੀਆਂ ਕੈਂਪਸ ਅੰਦਰ ਟ੍ਰਸਟ ਦੁਆਰਾ ਸਥਾਪਤ ਕੀਤੀਆਂ, ਚਲਾਈਆਂ ਜਾਂਦੀਆਂ ਹਨ ਜਾਂ ਉਹਨਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ ਜਿਨ੍ਹਾਂ ਬਾਬਤ ਟ੍ਰਸਟ ਦੁਆਰਾ ਵਿਸ਼ੇਸ਼ ਫ਼ੈਸਲਾ ਲਿਆ ਜਾਂਦਾ ਹੈ।

ਯੂਨੀਵਰਸਿਟੀ ਦੇ ਅਧਿਕਾਰੀ।

7. (1) ਯੂਨੀਵਰਸਿਟੀ ਦੇ ਹੇਠ-ਲਿਖੇ ਅਧਿਕਾਰੀ ਹੋਣਗੇ, ਅਰਥਾਤ:-

(i) ਵਿਜ਼ਿਟਰ;

(ii) ਚਾਂਸਲਰ;

(iii) ਵਾਈਸ-ਚਾਂਸਲਰ;

(iv) ਫੈਕਲਟੀਆਂ ਦੇ ਡੀਨ;

(v) ਰਜਿਸਟਰਾਰ;

(vi) ਮੁੱਖ ਵਿੱਤ ਅਤੇ ਲੇਖਾ ਅਧਿਕਾਰੀ; ਅਤੇ

(vii) ਯੂਨੀਵਰਸਿਟੀ ਦੇ ਅਜਿਹੇ ਹੋਰ ਅਧਿਕਾਰੀ, ਜਿਵੇਂ ਕਿ ਪ੍ਰਵਿਧਾਨਾਂ ਦੁਆਰਾ ਯੂਨੀਵਰਸਿਟੀ ਦੇ ਅਧਿਕਾਰੀ ਐਲਾਨੇ ਜਾਣ।

ਵਿਜ਼ਿਟਰ। 8. (1) ਪੰਜਾਬ ਦਾ ਰਾਜਪਾਲ ਯੂਨੀਵਰਸਿਟੀ ਦਾ ਵਿਜ਼ਿਟਰ ਹੋਵੇਗਾ।

(2) ਵਿਜ਼ਿਟਰ ਡਿਗਰੀਆਂ ਅਤੇ ਡਿਪਲੋਮੇ ਪ੍ਰਦਾਨ ਕਰਨ ਲਈ ਯੂਨੀਵਰਸਿਟੀ ਦੀ ਕਨਵੋਕੇਸ਼ਨ ਦੀ ਪ੍ਰਧਾਨਗੀ ਕਰੇਗਾ।

(3) ਵਿਜ਼ਿਟਰ ਨੂੰ ਯੂਨੀਵਰਸਿਟੀ ਦੇ ਕਾਰ-ਵਿਹਾਰ ਸਬੰਧੀ ਕੋਈ ਵੀ ਸੂਚਨਾ ਲੈਣ ਦਾ ਅਧਿਕਾਰ ਹੋਵੇਗਾ।

(4) ਵਿਜ਼ਿਟਰ, ਚਾਂਸਲਰ ਦੇ ਨਾਲ ਮਸ਼ਵਰਾ ਕਰਕੇ, ਅਜਿਹੇ ਵਿਅਕਤੀ ਦੁਆਰਾ ਨਿਰੀਖਣ, ਛਾਣਬੀਣ, ਪੁੱਛ-ਗਿੱਛ, ਸਰਵੇਖਣ ਜਾਂ ਜਾਂਚ-ਪੜਤਾਲ ਜਾਂ ਅਜਿਹੀ ਕੋਈ ਹੋਰ ਗੱਲ ਕਰਵਾ ਸਕੇਗਾ, ਜਿਵੇਂ ਕਿ ਉਹ ਯੂਨੀਵਰਸਿਟੀ ਦੇ ਪ੍ਰਬੰਧਕੀ, ਅਕਾਦਮਿਕ ਜਾਂ ਕਾਰਜਕਾਰੀ ਮਾਮਲਿਆਂ ਦੇ ਸੰਬੰਧ ਵਿੱਚ ਨਿਰਦੇਸ਼ ਦੇ ਸਕਦਾ ਹੋਵੇ।

(5) ਵਿਜ਼ਿਟਰ, ਹਰੇਕ ਮਾਮਲੇ ਵਿੱਚ, ਨਿਰੀਖਣ, ਛਾਣਬੀਣ, ਪੁੱਛ-ਗਿੱਛ, ਸਰਵੇਖਣ ਜਾਂ ਜਾਂਚ-ਪੜਤਾਲ ਜਾਂ ਅਜਿਹੀ ਕੋਈ ਹੋਰ ਗੱਲ ਕਰਵਾਉਣ ਦੇ ਆਪਣੇ ਇਰਾਦੇ ਸਬੰਧੀ ਯੂਨੀਵਰਸਿਟੀ ਨੂੰ ਨੋਟਿਸ ਦੇਵੇਗਾ ਅਤੇ ਜਿਹੀ ਕਿ ਸੂਰਤ ਹੋਵੇ, ਯੂਨੀਵਰਸਿਟੀ ਆਪਣਾ ਇੱਕ ਪ੍ਰਤੀਨਿਧ ਨਿਯੁਕਤ ਕਰੇਗੀ ਜੋ ਅਜਿਹੇ ਨਿਰੀਖਣ, ਛਾਣਬੀਣ, ਪੁੱਛ-ਗਿੱਛ, ਸਰਵੇਖਣ ਜਾਂ ਜਾਂਚ-ਪੜਤਾਲ ਜਾਂ ਅਜਿਹੀ ਕੋਈ ਹੋਰ ਗੱਲ ਕਰਨ ਦੇ ਸਮੇਂ ਹਾਜ਼ਰ ਰਹੇਗਾ।

(6) ਵਿਜ਼ਿਟਰ ਅਜਿਹੇ ਨਿਰੀਖਣ, ਛਾਣਬੀਣ, ਪੁੱਛ-ਗਿੱਛ, ਸਰਵੇਖਣ ਜਾਂ ਜਾਂਚ-ਪੜਤਾਲ ਦੇ ਨਤੀਜਿਆਂ ਬਾਰੇ ਵਾਈਸ-ਚਾਂਸਲਰ ਨੂੰ ਸੂਚਿਤ ਕਰ ਸਕੇਗਾ ਅਤੇ ਵਾਈਸ-ਚਾਂਸਲਰ ਵਿਜ਼ਿਟਰ ਦੇ ਵਿਚਾਰਾਂ ਨਾਲ ਅਜਿਹੀ ਸਲਾਹ ਤੇ ਜੋ ਵਿਜ਼ਿਟਰ ਵੱਲੋਂ ਦਿੱਤੀ ਗਈ ਹੋਵੇ ਅਤੇ ਅਜਿਹੀ ਸਲਾਹ ਤੇ ਕੀਤੀ ਗਈ ਕਾਰਵਾਈ ਸਬੰਧੀ ਸ਼ਾਸਕ ਬੌਡੀ ਨੂੰ ਸੂਚਨਾ ਦੇਵੇਗਾ।

(7) ਵਾਈਸ-ਚਾਂਸਲਰ ਵਿਜ਼ਿਟਰ ਨੂੰ ਉਸ ਨਿਰੀਖਣ, ਛਾਣਬੀਣ, ਪੁੱਛ-ਗਿੱਛ, ਸਰਵੇਖਣ ਜਾਂ ਜਾਂਚ-ਪੜਤਾਲ ਜਾਂ ਅਜਿਹੀ ਹੀ ਕਿਸੇ ਹੋਰ ਗੱਲ, ਜਿਹੀ ਕਿ ਸੂਰਤ ਹੋਵੇ, ਦੇ ਬਾਰੇ ਯੂਨੀਵਰਸਿਟੀ ਦੁਆਰਾ ਕੀਤੀ ਗਈ ਕਾਰਵਾਈ ਜਾਂ ਤਜਵੀਜ਼ ਕੀਤੀ ਗਈ ਕਾਰਵਾਈ ਬਾਰੇ ਸੂਚਿਤ ਕਰੇਗਾ।

(8) ਜੇ ਰਾਜ ਸਰਕਾਰ ਲੋਕ ਹਿੱਤ ਵਿੱਚ ਯੂਨੀਵਰਸਿਟੀ ਜਾਂ ਉਸਦੀਆਂ ਸੰਸਥਾਵਾਂ ਨਾਲ ਸਬੰਧਤ ਕਿਸੇ ਮਾਮਲੇ ਬਾਰੇ ਨਿਰੀਖਣ, ਛਾਣਬੀਣ, ਪੁੱਛ-ਗਿੱਛ, ਸਰਵੇਖਣ ਜਾਂ ਜਾਂਚ-ਪੜਤਾਲ, ਜਿਹੀ ਕਿ ਸੂਰਤ ਹੋਵੇ, ਕਰਵਾਉਣੀ ਮੁਨਾਸਬ ਸਮਝਦੀ ਹੈ ਤਾਂ ਰਾਜ ਸਰਕਾਰ ਦੁਆਰਾ ਇਸ ਬਾਰੇ ਵਿਜ਼ਿਟਰ ਨੂੰ ਹਵਾਲਾ ਕੀਤਾ

ਜਾਵੇਗਾ ਜੋ ਚਾਂਸਲਰ ਦੇ ਨਾਲ ਮਸ਼ਵਰਾ ਕਰਕੇ ਅਜਿਹੇ ਨਿਰੀਖਣ, ਛਾਣਬੀਣ, ਪੁੱਛ-ਗਿੱਛ, ਸਰਵੇਖਣ ਜਾਂ ਜਾਂਚ-ਪੜਤਾਲ ਕਰਵਾਏਗਾ।

9. (1) ਚੇਅਰਮੈਨ, ਯੂਨੀਵਰਸਿਟੀ ਦਾ ਚਾਂਸਲਰ ਹੋਵੇਗਾ ਅਤੇ ਵਿਜ਼ਿਟਰ ਦੀ ਗੈਰ-ਹਾਜ਼ਰੀ ਵਿੱਚ ਚਾਂਸਲਰ ਯੂਨੀਵਰਸਿਟੀ ਦੀ ਕਨਵੋਕੇਸ਼ਨ ਦੀ ਪ੍ਰਧਾਨਗੀ ਕਰੇਗਾ। ਚਾਂਸਲਰ।

(2) ਚਾਂਸਲਰ ਸ਼ਾਸਕ ਬੌਡੀ ਦਾ ਚੇਅਰਮੈਨ ਹੋਵੇਗਾ ਅਤੇ ਉਹ ਆਪਣੇ-ਆਪ ਜਾਂ ਯੂਨੀਵਰਸਿਟੀ ਦੀ ਸਬੰਧਤ ਅਥਾਰਟੀ ਦੀ ਸਿਫ਼ਾਰਸ਼ ਤੇ ਯੂਨੀਵਰਸਿਟੀ ਦੇ ਕਰਮਚਾਰੀਆਂ ਅਤੇ ਅਧਿਕਾਰੀਆਂ ਦੀਆਂ ਸਾਰੀਆਂ ਨਿਯੁਕਤੀਆਂ, ਨਾਮਜ਼ਦਗੀਆਂ, ਹਟਾਉਣਾ, ਮੁਅੱਤਲੀਆਂ ਅਤੇ ਮੁੜ-ਬਹਾਲੀਆਂ ਕਰਨ ਦੀ ਪ੍ਰਵਾਨਗੀ ਦੇਵੇਗਾ।

(3) ਚਾਂਸਲਰ ਯੂਨੀਵਰਸਿਟੀ ਦੀ ਕਿਸੇ ਅਥਾਰਟੀ ਜਾਂ ਅਧਿਕਾਰੀ ਵੱਲੋਂ ਲਏ ਗਏ ਕਿਸੇ ਵੀ ਫ਼ੈਸਲੇ ਨੂੰ ਸੋਧ ਜਾਂ ਉਸ ਨੂੰ ਪਰਤਾ ਸਕੇਗਾ ਅਤੇ ਆਪਣੀਆਂ ਸ਼ਕਤੀਆਂ ਦੀ ਆਪਣੇ-ਆਪ ਜਾਂ ਕਿਸੇ ਹੋਰ ਤਰ੍ਹਾਂ ਵਰਤੋਂ ਕਰਦੇ ਹੋਏ ਯੂਨੀਵਰਸਿਟੀ ਦੇ ਕਾਜਕਾਰ ਦੇ ਸੁਯੋਗ ਸੰਚਾਲਨ ਨੂੰ ਚੱਲਦੇ ਰੱਖਣ ਲਈ ਸਾਰੇ ਲੋੜੀਂਦੇ ਜ਼ਰੂਰੀ ਕੰਮ ਕਰ ਸਕੇਗਾ।

(4) ਚਾਂਸਲਰ ਕੋਲ ਯੂਨੀਵਰਸਿਟੀ ਦੇ ਉਦੇਸ਼ਾਂ ਨੂੰ ਅੱਗੇ ਵਧਾਉਣ ਲਈ ਅਤੇ ਇਸ ਨਾਲ ਅਨੁਸੰਗਕ ਕਿਸੇ ਮਾਮਲੇ ਸਬੰਧੀ ਅਜਿਹੇ ਹੋਰ ਸਾਰੇ ਕਾਰਜ ਕਰਨ ਦੀਆਂ ਸ਼ਕਤੀਆਂ ਹੋਣਗੀਆਂ ਅਤੇ ਚਾਂਸਲਰ ਵੱਲੋਂ ਲਏ ਗਏ ਸਾਰੇ ਫ਼ੈਸਲੇ ਅੰਤਿਮ ਹੋਣਗੇ ਅਤੇ ਯੂਨੀਵਰਸਿਟੀ ਨਾਲ ਸਬੰਧਤ ਸਾਰਿਆਂ ਲਈ ਬੰਧਨਕਾਰੀ ਹੋਣਗੇ।

(5) ਜੇ, ਚਾਂਸਲਰ ਦੀ ਰਾਏ ਵਿੱਚ ਯੂਨੀਵਰਸਿਟੀ ਦੇ ਕਿਸੇ ਅਧਿਕਾਰੀ ਜਾਂ ਅਥਾਰਟੀ ਦਾ ਕੋਈ ਫ਼ੈਸਲਾ ਇਸ ਐਕਟ ਜਾਂ ਪ੍ਰਵਿਧਾਨਾਂ ਜਾਂ ਆਰਡੀਨੈਂਸਾਂ ਜਾਂ ਵਿਨਿਯਮਾਂ ਅਧੀਨ ਸੌਂਪੀਆਂ ਗਈਆਂ ਸ਼ਕਤੀਆਂ ਤੋਂ ਬਾਹਰ ਹੈ ਜਾਂ ਉਸ ਦਾ ਯੂਨੀਵਰਸਿਟੀ ਦੇ ਹਿੱਤਾਂ ਤੇ ਪ੍ਰਤੀਕੂਲ ਪ੍ਰਭਾਵ ਪੈਣ ਦੀ ਸੰਭਾਵਨਾ ਹੈ ਤਾਂ ਉਹ ਅਜਿਹੇ ਅਧਿਕਾਰੀ ਜਾਂ ਅਥਾਰਟੀ ਨੂੰ ਪੰਦਰਾਂ ਦਿਨਾਂ ਦੀ ਮੁੱਦਤ ਦੇ ਅੰਦਰ ਆਪਣੇ ਫ਼ੈਸਲੇ ਨੂੰ ਸੋਧਣ ਲਈ ਕਹੇਗਾ ਅਤੇ ਅਧਿਕਾਰੀ ਜਾਂ ਅਥਾਰਟੀ ਵੱਲੋਂ ਅਜਿਹੇ ਫ਼ੈਸਲੇ ਵਿੱਚ ਪੂਰਨ ਤੌਰ ਤੇ ਜਾਂ ਅੰਸ਼ਿਕ ਤੌਰ ਤੇ ਸੋਧ ਕਰਨ ਤੋਂ ਇਨਕਾਰ ਕਰਨ ਜਾਂ ਪੰਦਰਾਂ ਦਿਨ ਦੀ ਮੁੱਦਤ ਦੇ ਅੰਦਰ ਉਸ ਤੇ ਕੋਈ ਫ਼ੈਸਲਾ ਲੈਣ ਵਿੱਚ ਅਸਫ਼ਲ ਰਹਿਣ ਦੀ ਸੂਰਤ ਵਿੱਚ ਚਾਂਸਲਰ ਦਾ ਫ਼ੈਸਲਾ ਅੰਤਿਮ ਹੋਵੇਗਾ।

(6) ਜੇ, ਕਿਸੇ ਵੀ ਸਮੇਂ ਕਿਸੇ ਪ੍ਰਤੀਬੇਨਤੀ ਦੇ ਪ੍ਰਾਪਤ ਹੋਣ 'ਤੇ ਜਾਂ ਹੋਰ ਤਰ੍ਹਾਂ ਚਾਂਸਲਰ ਨੂੰ ਇਹ ਪ੍ਰਤੀਤ ਹੁੰਦਾ ਹੈ ਕਿ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਜਾਂ ਕੋਈ ਹੋਰ ਅਧਿਕਾਰੀ ਵੱਲੋਂ,-

(ੳ) ਇਸ ਐਕਟ ਅਧੀਨ ਜਾਂ ਹੋਰ ਤਰ੍ਹਾਂ ਉਸ ਤੇ ਅਰੋਪੇ ਗਏ ਕਿਸੇ ਕਰਤੱਵ ਨੂੰ ਨਿਭਾਉਣ ਵਿੱਚ ਕੋਤਾਹੀ ਕੀਤੀ ਗਈ ਹੈ; ਜਾਂ

(ਅ) ਕੋਈ ਕਾਰਵਾਈ ਇਸ ਤਰੀਕੇ ਨਾਲ ਕੀਤੀ ਗਈ ਹੈ ਜੋ ਕਿ ਯੂਨੀਵਰਸਿਟੀ ਦੇ ਹਿੱਤਾਂ ਦੇ ਪ੍ਰਤੀਕੂਲ ਹੈ; ਜਾਂ

(ੲ) ਯੂਨੀਵਰਸਿਟੀ ਦੇ ਮਾਮਲਿਆਂ ਦਾ ਪ੍ਰਬੰਧਨ ਕਰਨ ਵਿੱਚ ਅਸਮਰੱਥ ਹੈ,

ਤਾਂ ਚਾਂਸਲਰ ਇਸ ਤੱਥ ਦੇ ਹੁੰਦਿਆਂ ਹੋਇਆਂ ਵੀ ਕਿ ਉਸ ਅਧਿਕਾਰੀ ਦੀ ਅਉਧ ਗੁਜ਼ਰੀ ਨਹੀਂ ਹੈ, ਲਿਖਤੀ ਹੁਕਮਾਂ ਦੁਆਰਾ ਕਾਰਨ ਦੱਸਦੇ ਹੋਏ ਸਬੰਧਤ ਅਧਿਕਾਰੀ ਨੂੰ ਅਜਿਹੀ ਤਰੀਕ ਤੋਂ ਆਪਣਾ ਅਹੁਦਾ ਛੱਡਣ ਦੀ ਲੋੜਨਾ ਕਰ ਸਕਦਾ ਹੈ, ਜਿਵੇਂ ਹੁਕਮ ਵਿੱਚ ਉਲਿਖਤ ਕੀਤਾ ਜਾਵੇ। ਸਬੰਧਤ ਅਧਿਕਾਰੀ ਵੱਲੋਂ ਉਸ ਉਲਿਖਤ ਕੀਤੀ ਗਈ ਤਰੀਕ ਤੋਂ ਆਪਣਾ ਅਹੁਦਾ ਛੱਡਿਆ ਗਿਆ ਸਮਝਿਆ ਜਾਵੇਗਾ:

ਪਰੰਤੂ ਅਜਿਹਾ ਕੋਈ ਵੀ ਹੁਕਮ ਪਾਸ ਨਹੀਂ ਕੀਤਾ ਜਾਵੇਗਾ ਜਦੋਂ ਤੱਕ ਅਜਿਹੀ ਕਾਰਵਾਈ ਤਜਵੀਜ਼ਤ ਕਰਨ ਦੇ ਆਧਾਰਾਂ ਬਾਰੇ ਉਸ ਅਧਿਕਾਰੀ ਨੂੰ ਸੰਸੂਚਿਤ ਨਹੀਂ ਕੀਤਾ ਜਾਂਦਾ ਅਤੇ ਉਸ ਨੂੰ ਉਸ ਤੇ ਸੁਣਵਾਈ ਦਾ ਵਾਜਬ ਮੌਕਾ ਨਹੀਂ ਦਿੱਤਾ ਜਾਂਦਾ।

ਵਾਈਸ-ਚਾਂਸਲਰ।

10. (1) ਵਾਈਸ-ਚਾਂਸਲਰ ਸ਼ਾਸਕ ਬੌਡੀ ਵੱਲੋਂ ਸਿਫ਼ਾਰਸ਼ ਕੀਤੇ ਗਏ ਤਿੰਨ ਵਿਅਕਤੀਆਂ ਦੇ ਪੈਨਲ ਵਿੱਚੋਂ ਚਾਂਸਲਰ ਦੁਆਰਾ ਨਿਯੁਕਤ ਕੀਤਾ ਜਾਵੇਗਾ।

(2) ਕਿਸੇ ਵੀ ਵਿਅਕਤੀ ਨੂੰ ਵਾਈਸ-ਚਾਂਸਲਰ ਵਜੋਂ ਨਿਯੁਕਤ ਨਹੀਂ ਕੀਤਾ ਜਾਵੇਗਾ, ਜਦੋਂ ਤੱਕ ਕਿ ਉਸ ਕੋਲ ਅਜਿਹੀਆਂ ਕਾਬਲੀਅਤਾਂ ਨ ਹੋਣ ਜੋ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਦੁਆਰਾ ਉਲਿਖਤ ਕੀਤੀਆਂ ਗਈਆਂ ਹੋਣ।

(3) ਵਾਈਸ-ਚਾਂਸਲਰ ਸਮੁੱਚੇ ਰੂਪ ਵਿੱਚ ਯੂਨੀਵਰਸਿਟੀ ਦਾ ਇੰਚਾਰਜ ਹੋਵੇਗਾ ਜੋ ਕਿ ਯੂਨੀਵਰਸਿਟੀ ਦੇ ਮਾਮਲਿਆਂ ਤੇ ਆਮ ਨਿਗਰਾਨੀ ਅਤੇ ਕੰਟਰੋਲ ਰੱਖੇਗਾ ਅਤੇ ਯੂਨੀਵਰਸਿਟੀ ਦੀਆਂ ਵੱਖ-ਵੱਖ ਅਥਾਰਟੀਆਂ ਦੇ ਫ਼ੈਸਲਿਆਂ ਨੂੰ ਤਕਮੀਲ ਕਰੇਗਾ।

(4) ਵਿਜ਼ਿਟਰ ਅਤੇ ਚਾਂਸਲਰ ਦੀ ਗੈਰ-ਹਾਜ਼ਰੀ ਦੀ ਸੂਰਤ ਵਿੱਚ ਵਾਈਸ-ਚਾਂਸਲਰ ਯੂਨੀਵਰਸਿਟੀ ਦੀ ਕਨਵੋਕੇਸ਼ਨ ਦੀ ਪ੍ਰਧਾਨਗੀ ਕਰੇਗਾ।

(5) ਵਾਈਸ-ਚਾਂਸਲਰ ਅਜਿਹੀਆਂ ਸ਼ਕਤੀਆਂ ਦੀ ਵਰਤੋਂ ਅਤੇ ਅਜਿਹੇ ਕਾਜਕਾਰਾਂ ਨੂੰ ਨਿਭਾਏਗਾ, ਜਿਵੇਂ ਮੁਕੱਰਰ ਕੀਤਾ ਜਾਵੇ।

ਰਜਿਸਟਰਾਰ।

11. (1) ਰਜਿਸਟਰਾਰ, ਚਾਂਸਲਰ ਦੁਆਰਾ ਸ਼ਾਸਕ ਬੌਡੀ ਵੱਲੋਂ ਸਿਫ਼ਾਰਸ਼ ਕੀਤੇ ਗਏ ਤਿੰਨ ਵਿਅਕਤੀਆਂ ਦੇ ਪੈਨਲ ਵਿੱਚੋਂ ਨਿਯੁਕਤ ਕੀਤਾ ਜਾਵੇਗਾ।

(2) ਕਿਸੇ ਵੀ ਵਿਅਕਤੀ ਨੂੰ ਰਜਿਸਟਰਾਰ ਵਜੋਂ ਨਿਯੁਕਤ ਨਹੀਂ ਕੀਤਾ ਜਾਵੇਗਾ ਜਦੋਂ ਤੱਕ ਕਿ ਉਸ ਕੋਲ ਅਜਿਹੀਆਂ ਕਾਬਲੀਅਤਾਂ ਨ ਹੋਣ ਜੋ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਦੁਆਰਾ ਉਲਿਖਤ ਕੀਤੀਆਂ ਗਈਆਂ ਹੋਣ।

(3) ਰਜਿਸਟਰਾਰ ਯੂਨੀਵਰਸਿਟੀ ਲਈ ਅਤੇ ਉਸਦੇ ਨਮਿੱਤ ਸਾਰੇ ਮੁਆਇਦਿਆਂ ਤੇ ਦਸਖ਼ਤ ਕਰੇਗਾ ਅਤੇ ਸਾਰੇ ਦਸਤਾਵੇਜ਼ਾਂ ਜਾਂ ਰਿਕਾਰਡ ਨੂੰ ਤਸਦੀਕ ਕਰੇਗਾ।

(4) ਰਜਿਸਟਰਾਰ ਸ਼ਾਸਕ ਬੌਡੀ, ਪ੍ਰਬੰਧਕੀ ਬੋਰਡ ਅਤੇ ਅਕਾਦਮਿਕ ਕੌਂਸਲ ਦਾ ਮੈਂਬਰ-ਸਕੱਤਰ ਹੋਵੇਗਾ, ਪਰੰਤੂ ਉਸ ਕੋਲ ਵੋਟ ਦਾ ਅਧਿਕਾਰ ਨਹੀਂ ਹੋਵੇਗਾ।

(5) ਰਜਿਸਟਰਾਰ, ਅਜਿਹੀਆਂ ਹੋਰ ਸ਼ਕਤੀਆਂ ਦੀ ਵਰਤੋਂ ਅਤੇ ਅਜਿਹੇ ਹੋਰ ਕਾਜਕਾਰ ਨਿਭਾਏਗਾ, ਜਿਵੇਂ ਮੁਕੱਰਰ ਕੀਤਾ ਜਾਵੇ।

12. (1) ਮੁੱਖ ਵਿੱਤ ਅਤੇ ਲੇਖਾ ਅਧਿਕਾਰੀ ਚਾਂਸਲਰ ਦੁਆਰਾ ਅਜਿਹੇ ਤਰੀਕੇ ਨਾਲ ਨਿਯੁਕਤ ਕੀਤਾ ਜਾਵੇਗਾ, ਜਿਵੇਂ ਮੁਕੱਰਰ ਕੀਤਾ ਜਾਵੇ। ਮੁੱਖ ਵਿੱਤ ਅਤੇ ਲੇਖਾ ਅਧਿਕਾਰੀ।

(2) ਕੋਈ ਵੀ ਵਿਅਕਤੀ ਉਦੋਂ ਤੱਕ ਮੁੱਖ ਵਿੱਤ ਅਤੇ ਲੇਖਾ ਅਧਿਕਾਰੀ ਦੇ ਤੌਰ ਤੇ ਨਿਯੁਕਤੀ ਲਈ ਕਾਬਲ ਨਹੀਂ ਹੋਵੇਗਾ ਜਦੋਂ ਤੱਕ ਉਸ ਨੇ ਭਾਰਤੀ ਚਾਰਟਰਡ ਲੇਖਾਕਾਰ ਸੰਸਥਾ ਦੁਆਰਾ ਲਿਆ ਗਿਆ ਚਾਰਟਰਡ ਲੇਖਾਕਾਰੀ ਟੈਸਟ ਪਾਸ ਨਾ ਕੀਤਾ ਹੋਵੇ।

(3) ਮੁੱਖ ਵਿੱਤ ਅਤੇ ਲੇਖਾ ਅਧਿਕਾਰੀ ਅਜਿਹੇ ਕਾਜਕਾਰ ਨਿਭਾਏਗਾ ਅਤੇ ਅਜਿਹੀਆਂ ਸ਼ਕਤੀਆਂ ਦੀ ਵਰਤੋਂ ਕਰੇਗਾ, ਜਿਵੇਂ ਮੁਕੱਰਰ ਕੀਤੀਆਂ ਜਾਣ।

13. (1) ਯੂਨੀਵਰਸਿਟੀ ਉਸ ਦੇ ਕਾਜਕਾਰ ਦੇ ਸੁਯੋਗ ਸੰਚਾਲਨ ਲਈ ਅਜਿਹੇ ਹੋਰ ਅਧਿਕਾਰੀ ਨਿਯੁਕਤ ਕਰ ਸਕਦੀ ਹੈ, ਜਿਵੇਂ ਇਹ ਜ਼ਰੂਰੀ ਸਮਝੇ। ਹੋਰ ਅਧਿਕਾਰੀ।

(2) ਯੂਨੀਵਰਸਿਟੀ ਦੇ ਅਜਿਹੇ ਹੋਰ ਅਧਿਕਾਰੀ ਨੂੰ ਨਿਯੁਕਤ ਕਰਨ ਦਾ ਤਰੀਕਾ ਅਤੇ ਉਹਨਾਂ ਦੀਆਂ ਸ਼ਕਤੀਆਂ ਅਤੇ ਕਾਜਕਾਰ ਅਜਿਹੇ ਹੋਣਗੇ, ਜਿਵੇਂ ਮੁਕੱਰਰ ਕੀਤੇ ਜਾ ਸਕਦੇ ਹੋਣ।

14. ਯੂਨੀਵਰਸਿਟੀ ਦੀਆਂ ਹੇਠ-ਲਿਖੀਆਂ ਅਥਾਰਟੀਆਂ ਹੋਣਗੀਆਂ, ਅਰਥਾਤ:- ਯੂਨੀਵਰਸਿਟੀ ਦੀਆਂ ਅਥਾਰਟੀਆਂ।

(i) ਸ਼ਾਸ਼ਕ ਬੌਡੀ;

(ii) ਪ੍ਰਬੰਧ-ਬੋਰਡ;

(iii) ਅਕਾਦਮਿਕ ਕੌਂਸਲ; ਅਤੇ

(iv) ਅਜਿਹੀਆਂ ਹੋਰ ਅਥਾਰਟੀਆਂ, ਜਿਵੇਂ ਪ੍ਰਵਿਧਾਨਾਂ ਦੁਆਰਾ ਯੂਨੀਵਰਸਿਟੀ ਦੀਆਂ ਅਥਾਰਟੀਆਂ ਐਲਾਨੀਆਂ ਗਈਆਂ ਹੋਣ।

15. (1) ਯੂਨੀਵਰਸਿਟੀ ਦੀ ਸ਼ਾਸਕ ਬੌਡੀ ਹੇਠ-ਲਿਖੇ ਵਿਅਕਤੀਆਂ ਤੋਂ ਮਿਲ ਕੇ ਬਣੇਗੀ, ਅਰਥਾਤ:- ਸ਼ਾਸਕ ਬੌਡੀ।

(ੳ) ਚਾਂਸਲਰ; ਚੇਅਰਮੈਨ

| | | |
|---|---|---|
| (ਅ) | ਵਾਈਸ-ਚਾਂਸਲਰ; | ਮੈਂਬਰ |
| (ੲ) | ਟ੍ਰਸਟ ਵੱਲੋਂ ਨਾਮਜ਼ਦ ਕੀਤੇ ਤਿੰਨ ਵਿਅਕਤੀ, ਜਿਨ੍ਹਾਂ ਵਿੱਚੋਂ ਦੋ ਉੱਘੇ ਸਿੱਖਿਆ-ਸ਼ਾਸ਼ਤਰੀ ਹੋਣਗੇ; | ਮੈਂਬਰ |
| (ਸ) | ਪ੍ਰਬੰਧਨ ਜਾਂ ਸੂਚਨਾ ਤਕਨਾਲੋਜੀ ਦਾ ਇੱਕ ਮਾਹਿਰ ਵਿਅਕਤੀ; | ਮੈਂਬਰ |
| (ਹ) | ਚਾਂਸਲਰ ਦੁਆਰਾ ਨਾਮਜ਼ਦ ਕੀਤਾ ਗਿਆ ਇੱਕ ਵਿੱਤੀ ਮਾਹਿਰ; | ਮੈਂਬਰ |
| (ਕ) | ਸਕੱਤਰ, ਉਚੇਰੀ ਸਿੱਖਿਆ ਵਿਭਾਗ, ਪੰਜਾਬ ਸਰਕਾਰ ਜਾਂ ਉਸ ਦਾ ਪ੍ਰਤੀਨਿਧ ਜੋ ਕਿ ਸੰਯੁਕਤ ਸਕੱਤਰ ਦੇ ਅਹੁਦੇ ਤੋਂ ਥੱਲੇ ਦਾ ਨਾ ਹੋਵੇ; ਅਤੇ | ਮੈਂਬਰ |
| (ਖ) | ਚਾਂਸਲਰ ਨਾਲ ਮਸ਼ਵਰਾ ਕਰਕੇ ਸਕੱਤਰ, ਉਚੇਰੀ ਸਿੱਖਿਆ ਵਿਭਾਗ, ਪੰਜਾਬ ਸਰਕਾਰ ਦੁਆਰਾ ਨਾਮਜ਼ਦ ਕੀਤਾ ਗਿਆ ਇੱਕ ਉੱਘਾ ਸਿੱਖਿਆ-ਸ਼ਾਸ਼ਤਰੀ। | ਮੈਂਬਰ |

(2) ਸ਼ਾਸਕ ਬੋਡੀ ਯੂਨੀਵਰਸਿਟੀ ਦੀ ਸਰਵ-ਉੱਚ ਬੋਡੀ ਹੋਵੇਗੀ। ਇਹ ਹੇਠ-ਲਿਖੇ ਕਾਜਕਾਰ ਨਿਭਾਏਗੀ, ਅਰਥਾਤ:-

(ੳ) ਪ੍ਰਵਿਧਾਨਾਂ, ਆਰਡੀਨੈਂਸਾਂ ਅਤੇ ਵਿਨਿਯਮਾਂ ਦੇ ਅਨੁਸਰਣ ਵਿੱਚ ਯੂਨੀਵਰਸਿਟੀ ਦੇ ਕਾਜਕਾਰਾਂ ਨੂੰ ਕੰਟਰੋਲ ਕਰਨ ਲਈ ਨਿਰਦੇਸ਼ ਦੇਣੇ ਅਤੇ ਆਮ ਨਿਗਰਾਨੀ ਪ੍ਰਦਾਨ ਕਰਨਾ;

(ਅ) ਯੂਨੀਵਰਸਿਟੀ ਦੀਆਂ ਹੋਰ ਅਥਾਰਟੀਆਂ ਦੇ ਫ਼ੈਸਲਿਆਂ ਦੀ ਨਜ਼ਰਸਾਨੀ ਕਰਨੀ ਜੇ ਉਹ ਪ੍ਰਵਿਧਾਨਾਂ, ਆਰਡੀਨੈਂਸਾਂ ਅਤੇ ਵਿਨਿਯਮਾਂ ਦੇ ਉਪਬੰਧਾਂ ਦੇ ਅਨੁਰੂਪ ਨਾ ਹੋਣ;

(ੲ) ਯੂਨੀਵਰਸਿਟੀ ਦੀ ਸਲਾਨਾ ਰਿਪੋਰਟ ਅਤੇ ਬਜਟ ਨੂੰ ਪ੍ਰਵਾਨ ਕਰਨਾ;

(ਸ) ਯੂਨੀਵਰਸਿਟੀ ਦੁਆਰਾ ਅਪਣਾਈਆਂ ਜਾਣ ਵਾਲੀਆਂ ਵਿਸਤਰਿਤ ਨੀਤੀਆਂ ਨੂੰ ਨਿਯਤ ਕਰਨਾ; ਅਤੇ

(ਹ) ਅਜਿਹੀਆਂ ਹੋਰ ਸ਼ਕਤੀਆਂ ਦੀ ਵਰਤੋਂ ਕਰਨੀ, ਜਿਵੇਂ ਪ੍ਰਵਿਧਾਨਾਂ ਦੁਆਰਾ ਮੁਕੱਰਰ ਕੀਤੀਆਂ ਜਾਣ।

(3) ਸ਼ਾਸਕ ਬੋਡੀ ਕੈਲੰਡਰ ਸਾਲ ਵਿੱਚ ਘੱਟੋ-ਘੱਟ ਦੋ ਵਾਰ ਇਕੱਤਰਤਾ ਕਰੇਗੀ।

(4) ਸ਼ਾਸਕ ਬੌਡੀ ਦੀ ਇਕੱਤਰਤਾ ਲਈ ਘੱਟੋ ਘੱਟ ਕੋਰਮ ਪੰਜ ਦਾ ਹੋਵੇਗਾ।

16. (1) ਪ੍ਰਬੰਧ-ਬੋਰਡ ਹੇਠ-ਲਿਖੇ ਮੈਂਬਰਾਂ ਤੋਂ ਮਿਲ ਕੇ ਬਣੇਗਾ, ਅਰਥਾਤ:- ਪ੍ਰਬੰਧ-ਬੋਰਡ।

| | | |
|---|---|---|
| (ੳ) | ਚਾਂਸਲਰ ਜਾਂ ਉਸ ਦਾ ਨਾਮਜ਼ਦ; | ਚੇਅਰਪਰਸਨ |
| (ਅ) | ਵਾਈਸ-ਚਾਂਸਲਰ | ਮੈਂਬਰ |
| (ੲ) | ਟ੍ਰਸਟ ਦੁਆਰਾ ਨਾਮਜ਼ਦ ਕੀਤੇ ਗਏ, ਟ੍ਰਸਟ ਦੇ ਦੋ ਮੈਂਬਰ; | ਮੈਂਬਰ |
| (ਸ) | ਰਾਜ ਸਰਕਾਰ ਦੇ ਪ੍ਰਤੀਨਿਧ ਵਜੋਂ ਸਿੱਖਿਆ ਨਾਲ ਸਬੰਧਤ ਡਾਇਰੈਕਟੋਰੇਟ ਦਾ ਡਾਇਰੈਕਟਰ; | ਮੈਂਬਰ |
| (ਹ) | ਟ੍ਰਸਟ ਦੁਆਰਾ ਨਾਮਜ਼ਦ ਕੀਤੇ ਗਏ ਤਿੰਨ ਵਿਅਕਤੀ ਜੋ ਟ੍ਰਸਟ ਦੇ ਮੈਂਬਰ ਨਹੀਂ ਹਨ; | ਮੈਂਬਰ |
| (ਕ) | ਟ੍ਰਸਟ ਦੁਆਰਾ ਨਾਮਜ਼ਦ ਕੀਤੇ ਗਏ, ਅਧਿਆਪਕਾਂ ਵਿੱਚੋਂ ਦੋ ਵਿਅਕਤੀ; ਅਤੇ | ਮੈਂਬਰ |
| (ਖ) | ਚਾਂਸਲਰ ਦੁਆਰਾ ਨਾਮਜ਼ਦ ਕੀਤੇ ਗਏ ਦੋ ਅਧਿਆਪਕ। | ਮੈਂਬਰ |

(2) ਪ੍ਰਬੰਧ-ਬੋਰਡ ਅਜਿਹੀਆਂ ਸ਼ਕਤੀਆਂ ਦੀ ਵਰਤੋਂ ਕਰੇਗਾ ਅਤੇ ਅਜਿਹੇ ਕਾਜਕਾਰ ਨਿਭਾਏਗਾ, ਜਿਵੇਂ ਮੁਕੱਰਰ ਕੀਤਾ ਜਾਵੇ।

(3) ਪ੍ਰਬੰਧ-ਬੋਰਡ ਕੈਲੰਡਰ ਸਾਲ ਵਿੱਚ ਘੱਟੋ-ਘੱਟ ਦੋ ਵਾਰ ਇਕੱਤਰਤਾ ਕਰੇਗਾ।

(4) ਪ੍ਰਬੰਧ-ਬੋਰਡ ਦੀ ਇਕੱਤਰਤਾ ਲਈ ਘੱਟੋ ਘੱਟ ਕੋਰਮ ਪੰਜ ਦਾ ਹੋਵੇਗਾ।

17. ਅਕਾਦਮਿਕ ਕੌਂਸਲ ਹੇਠ-ਲਿਖੇ ਮੈਂਬਰਾਂ ਤੋਂ ਮਿਲਕੇ ਬਣੇਗੀ, ਅਰਥਾਤ:- ਅਕਾਦਮਿਕ ਕੌਂਸਲ।

| | | |
|---|---|---|
| (ੳ) | ਵਾਈਸ-ਚਾਂਸਲਰ; | ਚੇਅਰਪਰਸਨ |
| (ਅ) | ਰਾਜ ਸਰਕਾਰ ਦੁਆਰਾ ਉਸ ਦੇ ਪ੍ਰਤੀਨਿਧ ਵਜੋਂ ਨਾਮਜ਼ਦ ਕੀਤਾ ਗਿਆ ਇੱਕ ਉੱਘਾ ਅਕਾਦਮਿਕ ਵਿਅਕਤੀ; ਅਤੇ | ਮੈਂਬਰ |
| (ੲ) | ਅਜਿਹੇ ਹੋਰ ਮੈਂਬਰ, ਜਿਵੇਂ ਮੁਕੱਰਰ ਕੀਤਾ ਜਾਵੇ। | ਮੈਂਬਰ |

(2) ਅਕਾਦਮਿਕ ਕੌਂਸਲ ਯੂਨੀਵਰਸਿਟੀ ਦੀ ਪ੍ਰਮੁੱਖ ਅਕਾਦਮਿਕ ਬੌਡੀ ਹੋਵੇਗੀ ਅਤੇ ਇਹ ਇਸ ਐਕਟ, ਪ੍ਰਵਿਧਾਨਾਂ, ਆਰਡੀਨੈਂਸਾਂ ਅਤੇ ਵਿਨਿਯਮਾਂ ਦੇ

ਉਪਬੰਧਾਂ ਦੇ ਤਾਬੇ, ਯੂਨੀਵਰਸਿਟੀ ਦੀਆਂ ਅਕਾਦਮਿਕ ਨੀਤੀਆਂ ਵਿੱਚ ਤਾਲਮੇਲ ਕਰੇਗੀ ਅਤੇ ਉਨ੍ਹਾਂ ਤੇ ਆਮ ਨਿਗਰਾਨੀ ਰੱਖੇਗੀ।

(3) ਅਕਾਦਮਿਕ ਕੌਂਸਲ ਦੀ ਇਕੱਤਰਤਾ ਦਾ ਕੋਰਮ ਅਜਿਹਾ ਹੋਵੇਗਾ, ਜਿਵੇਂ ਮੁਕੱਰਰ ਕੀਤਾ ਗਿਆ ਹੋਵੇ।

ਵਿੱਤ ਕਮੇਟੀ।

18. (1) ਵਿੱਤ ਕਮੇਟੀ ਹੇਠ-ਲਿਖੇ ਮੈਂਬਰਾਂ ਤੋਂ ਮਿਲ ਕੇ ਬਣੇਗੀ, ਅਰਥਾਤ:-

| | | |
|---|---|---|
| (i) | ਵਾਈਸ-ਚਾਂਸਲਰ; | ਚੇਅਰਪਰਸਨ |
| (ii) | ਡੀਨ ਅਕਾਦਮਿਕ ਮਾਮਲੇ; | ਮੈਂਬਰ |
| (iii) | ਯੂਨੀਵਰਸਿਟੀ ਦਾ ਰਜਿਸਟਰਾਰ; | ਮੈਂਬਰ |
| (iv) | ਟ੍ਰਸਟ ਦੁਆਰਾ ਨਾਮਜ਼ਦ ਕੀਤੇ ਗਏ ਦੋ ਵਿਅਕਤੀ, ਜਿਨ੍ਹਾਂ ਵਿੱਚੋਂ ਇੱਕ ਵਿੱਤੀ ਮਾਹਿਰ ਹੋਵੇਗਾ; ਅਤੇ | ਮੈਂਬਰ |
| (v) | ਮੁੱਖ ਵਿੱਤ ਅਤੇ ਲੇਖਾ ਅਧਿਕਾਰੀ। | ਮੈਂਬਰ-ਸਕੱਤਰ |

(2) ਟ੍ਰਸਟ ਦੁਆਰਾ ਨਾਮਜ਼ਦ ਕੀਤੇ ਗਏ ਮੈਂਬਰ ਦੋ ਸਾਲ ਦੀ ਮੁੱਦਤ ਲਈ ਅਹੁਦਾ ਧਾਰਨ ਕਰਨਗੇ।

ਵਿੱਤ ਕਮੇਟੀ ਦੇ ਕਾਜਕਾਰ।

19. (1) ਮੁੱਖ ਵਿੱਤ ਅਤੇ ਲੇਖਾ ਅਧਿਕਾਰੀ ਲੋੜੀਂਦੇ ਦਸਤਾਵੇਜਾਂ ਨਾਲ, ਯੂਨੀਵਰਸਿਟੀ ਦਾ ਸਲਾਨਾ ਬਜਟ ਤਿਆਰ ਕਰਵਾਏਗਾ ਅਤੇ ਉਸ ਨੂੰ ਪ੍ਰਵਾਨਗੀ ਲਈ ਵਿੱਤ ਕਮੇਟੀ ਨੂੰ ਪੇਸ਼ ਕਰੇਗਾ। ਮੁੱਖ ਵਿੱਤ ਅਤੇ ਲੇਖਾ ਅਧਿਕਾਰੀ ਯੂਨੀਵਰਸਿਟੀ ਦੀ ਸਲਾਨਾ ਆਮਦਨ ਅਤੇ ਖਰਚਿਆਂ ਦੇ ਲੇਖੇ ਵੀ ਤਿਆਰ ਕਰਵਾਏਗਾ ਅਤੇ ਇਸ ਦੇ ਬਾਬਤ ਵਿੱਤ ਕਮੇਟੀ ਵੱਲੋਂ ਨਿਯੁਕਤ ਕੀਤੇ ਗਏ ਚਾਰਟਰਡ ਲੇਖਾਕਾਰ ਦੁਆਰਾ ਇਸ ਦਾ ਆਡਿਟ ਕਰਵਾਏਗਾ।

(2) ਉਪ-ਧਾਰਾ (1) ਵਿੱਚ ਹਵਾਲਾ ਦਿੱਤੇ ਅਨੁਸਾਰ ਯੂਨੀਵਰਸਿਟੀ ਦੀ ਆਮਦਨ ਅਤੇ ਖਰਚਿਆਂ ਦੇ ਆਡਿਟ ਦੇ ਬਾਬਤ ਨੋਟ ਨਾਲ ਵਿੱਤ ਕਮੇਟੀ ਦੁਆਰਾ ਪ੍ਰਵਾਨ ਕੀਤੇ ਗਏ ਬਜਟ ਨੂੰ ਚਾਂਸਲਰ ਦੀ ਪ੍ਰਵਾਨਗੀ ਲਈ ਉਸ ਅੱਗੇ ਪੇਸ਼ ਕੀਤਾ ਜਾਵੇਗਾ।

(3) ਵਿੱਤ ਕਮੇਟੀ ਯੂਨੀਵਰਸਿਟੀ ਦੇ ਵਿੱਤੀ ਮਾਮਲਿਆਂ ਤੇ ਚਾਂਸਲਰ ਨੂੰ ਸਲਾਹ ਦੇਵੇਗੀ।

ਹੋਰ ਅਥਾਰਟੀਆਂ।

20. ਧਾਰਾ 14 ਦੇ ਖੰਡ (iv) ਅਧੀਨ ਅਥਾਰਟੀਆਂ ਦੀ ਬਣਤਰ, ਗਠਨ, ਸ਼ਕਤੀਆਂ ਅਤੇ ਕਾਜਕਾਰ ਅਜਿਹੇ ਹੋਣਗੇ, ਜਿਵੇਂ ਮੁਕੱਰਰ ਕੀਤੇ ਜਾਣ।

ਅਥਾਰਟੀ ਜਾਂ ਬੌਡੀ ਦੀ ਮੈਂਬਰਸ਼ਿੱਪ ਲਈ ਨਾਕਾਬਲੀਅਤਾਂ।

21. ਕੋਈ ਵਿਅਕਤੀ ਯੂਨੀਵਰਸਿਟੀ ਦੀ ਕਿਸੇ ਬੌਡੀ ਜਾਂ ਅਥਾਰਟੀਆਂ ਦਾ ਮੈਂਬਰ ਹੋਣ ਦੇ ਨਾ-ਕਾਬਲ ਹੋ ਜਾਵੇਗਾ, ਜੇ ਉਹ,-

(i) ਵਿਗੜ-ਚਿਤ ਹੈ ਅਤੇ ਕਿਸੇ ਸ਼ਕਤਵਾਨ ਅਦਾਲਤ ਦੁਆਰਾ ਅਜਿਹਾ ਐਲਾਨਿਆ ਹੋਇਆ ਹੈ; ਜਾਂ

(ii) ਇੱਕ ਅਮੁੱਕਤ ਦਿਵਾਲੀਆ ਹੈ; ਜਾਂ

(iii) ਕਿਸੇ ਸਦਾਚਾਰਕ ਗਿਰਾਵਟ ਵਿੱਚ ਪਲਚੇ ਅਪਰਾਧ ਲਈ ਸਿੱਧ-ਦੋਸ਼ ਠਹਿਰਾਇਆ ਗਿਆ ਹੈ ; ਜਾਂ

(iv) ਕਿਸੇ ਵੀ ਰੂਪ ਵਿੱਚ ਕਿਸੇ ਪ੍ਰੀਖਿਆ ਦਾ ਸੰਚਾਲਣ ਕਰਨ ਵਿੱਚ ਕਿਸੇ ਅਣਉਚਿਤ ਪ੍ਰਥਾ ਵਿੱਚ ਖਚਿਤ ਹੋਣ ਕਰਕੇ ਜਾਂ ਉਸ ਨੂੰ ਵਧਾਵਾ ਦੇਣ ਕਾਰਨ ਸਜ਼ਾ-ਯਾਫ਼ਤਾ ਹੋ ਗਿਆ ਹੈ।

ਖਾਲੀ ਥਾਵਾਂ ਕਾਰਨ ਕਾਰਜਾਂ ਜਾਂ ਕਾਰਵਾਈਆਂ ਦਾ ਨਾਜਾਇਜ਼ ਨ ਹੋਣਾ।

22. ਇਸ ਐਕਟ ਅਧੀਨ ਯੂਨੀਵਰਸਿਟੀ ਦੀ ਕਿਸੇ ਅਥਾਰਟੀ ਜਾਂ ਕਿਸੇ ਹੋਰ ਬੌਡੀ ਦੁਆਰਾ ਕੀਤਾ ਗਿਆ ਕੋਈ ਕਾਰਜ, ਜਾਂ ਕਾਰਵਾਈਆਂ ਸਿਰਫ਼ ਇਸ ਆਧਾਰ 'ਤੇ ਨਾਜਾਇਜ਼ ਨਹੀਂ ਹੋਣਗੀਆਂ ਕਿ-

(ੳ) ਅਥਾਰਟੀ ਜਾਂ ਬੌਡੀ ਵਿੱਚ ਕੋਈ ਥਾਂ ਖਾਲੀ ਹੈ ਜਾਂ ਉਸ ਦੇ ਗਠਨ ਵਿੱਚ ਕੋਈ ਤਰੁੱਟੀ ਹੈ; ਜਾਂ

(ਅ) ਉਸ ਦੇ ਮੈਂਬਰ ਵਜੋਂ ਕਾਰਜ ਕਰ ਰਹੇ ਕਿਸੇ ਵਿਅਕਤੀ ਦੀ ਨਾਮਜ਼ਦਗੀ ਜਾਂ ਨਿਯੁਕਤੀ ਵਿੱਚ ਕੋਈ ਤਰੁੱਟੀ ਜਾਂ ਬੇਕਾਇਦਗੀ ਹੈ; ਜਾਂ

(ੲ) ਅਜਿਹੇ ਕਾਰਜ ਜਾਂ ਕਾਰਵਾਈ ਵਿੱਚ ਕੋਈ ਤਰੁੱਟੀ ਜਾਂ ਬੇਕਾਇਦਗੀ ਹੈ ਜੋ ਮਾਮਲੇ ਦੇ ਗੁਣਾਂ ਤੇ ਪ੍ਰਭਾਵ ਨਹੀਂ ਪਾਉਂਦੀ।

ਸੰਕਟਕਾਲੀ ਖ਼ਾਲੀ ਹੋਈਆਂ ਆਸਾਮੀਆਂ ਨੂੰ ਭਰਨਾ।

23. ਜੇ ਯੂਨੀਵਰਸਿਟੀ ਦੀ ਕਿਸੇ ਅਥਾਰਟੀ ਜਾਂ ਬੌਡੀ ਵਿੱਚ ਕਿਸੇ ਮੈਂਬਰ ਦੀ ਮੌਤ ਹੋ ਜਾਣ ਕਾਰਨ ਜਾਂ ਉਸ ਦੇ ਅਸਤੀਫ਼ੇ ਜਾਂ ਅਹੁਦੇ ਤੋਂ ਹਟਾਏ ਜਾਣ ਕਾਰਨ ਜਾਂ ਜਿਸ ਸਮਰੱਥਾ ਵਿੱਚ ਉਸ ਨੂੰ ਨਿਯੁਕਤ ਜਾਂ ਨਾਮਜ਼ਦ ਕੀਤਾ ਗਿਆ ਸੀ ਉਸ ਸਮਰੱਥਾ ਵਿੱਚ ਤਬਦੀਲੀ ਹੋ ਜਾਣ ਕਾਰਨ ਕੋਈ ਆਸਾਮੀ ਖਾਲੀ ਹੁੰਦੀ ਹੈ, ਅਥਾਰਟੀ ਜਾਂ ਬੌਡੀ ਦੁਆਰਾ ਜਿਸ ਵੱਲੋਂ ਅਜਿਹੇ ਮੈਂਬਰ ਦੀ ਨਿਯੁਕਤੀ ਜਾਂ ਨਾਮਜ਼ਦਗੀ ਕੀਤੀ ਗਈ ਸੀ, ਜਿੰਨੀ ਛੇਤੀ ਸੰਭਵ ਹੋ ਸਕੇ ਉਸ ਆਸਾਮੀ ਨੂੰ ਭਰਿਆ ਜਾਵੇਗਾ:

ਪਰੰਤੂ ਯੂਨੀਵਰਸਿਟੀ ਦੀ ਕਿਸੇ ਅਥਾਰਟੀ ਜਾਂ ਬੌਡੀ ਦੇ ਮੈਂਬਰ ਦੀ ਸੰਕਟਕਾਲੀ ਖ਼ਾਲੀ ਹੋਈ ਆਸਾਮੀ ਤੇ ਨਿਯੁਕਤ ਜਾਂ ਨਾਮਜ਼ਦ ਕੀਤਾ ਗਿਆ ਅਜਿਹਾ ਵਿਅਕਤੀ, ਮੈਂਬਰ ਦੀ ਬਾਕੀ ਰਹਿੰਦੀ ਮਿਆਦ ਲਈ ਹੀ ਅਜਿਹੀ ਅਥਾਰਟੀ ਜਾਂ ਬੌਡੀ ਦੇ ਮੈਂਬਰ ਦੇ ਅਹੁਦੇ ਤੇ ਬਣਿਆ ਰਹੇਗਾ, ਜਿਸ ਦੀ ਥਾਂ ਤੇ ਉਸ ਨੂੰ ਨਿਯੁਕਤ ਜਾਂ ਨਾਮਜ਼ਦ, ਜਿਹੀ ਕਿ ਸੂਰਤ ਹੋਵੇ, ਕੀਤਾ ਗਿਆ ਹੈ।

ਕਮੇਟੀਆਂ।

24. ਯੂਨੀਵਰਸਿਟੀ ਦੀਆਂ ਅਥਾਰਟੀਆਂ ਜਾਂ ਅਧਿਕਾਰੀ ਅਜਿਹੀਆਂ ਕਮੇਟੀਆਂ ਦਾ ਗਠਨ ਕਰ ਸਕਦੇ ਹਨ, ਜੋ ਅਜਿਹੀਆਂ ਕਮੇਟੀਆਂ ਦੁਆਰਾ ਵਿਸ਼ੇਸ਼ ਕੰਮ ਨੂੰ ਕਰਨ ਲਈ ਜ਼ਰੂਰੀ ਹੋ ਸਕਦੀਆਂ ਹਨ। ਅਜਿਹੀਆਂ ਕਮੇਟੀਆਂ ਦਾ ਗਠਨ ਅਤੇ ਉਨ੍ਹਾਂ ਦੇ ਕਰਤੱਵ ਅਜਿਹੇ ਹੋਣਗੇ, ਜਿਵੇ ਮੁਕੱਰਰ ਕੀਤੇ ਜਾ ਸਕਣ।

ਪ੍ਰਵਿਧਾਨ ਬਣਾਉਣ ਦੀ ਸ਼ਕਤੀ।

25. (1) ਸ਼ਾਸਕ ਬੌਡੀ, ਸਮੇਂ-ਸਮੇਂ ਤੇ, ਪ੍ਰਵਿਧਾਨ ਬਣਾ ਸਕੇਗੀ ਜਾਂ ਉਨ੍ਹਾਂ ਵਿੱਚ ਸੋਧ ਜਾਂ ਉਨ੍ਹਾਂ ਨੂੰ ਨਿਰਸਤ ਕਰ ਸਕੇਗੀ।

(2) ਪ੍ਰਵਿਧਾਨ ਜਾਂ ਉਸ ਵਿੱਚ ਕੀਤੀ ਗਈ ਕੋਈ ਸੋਧ ਜਾਂ ਉਸ ਦਾ ਨਿਰਸਨ ਚਾਂਸਲਰ ਦੀ ਪ੍ਰਵਾਨਗੀ ਲੋੜੇਗਾ।

(3) ਇਸ ਐਕਟ ਦੇ ਉਪਬੰਧਾਂ ਦੇ ਤਾਬੇ, ਪ੍ਰਵਿਧਾਨ ਹੇਠ-ਲਿਖੇ ਮਾਮਲਿਆਂ ਲਈ ਉਪਬੰਧ ਕਰ ਸਕਣਗੇ, ਅਰਥਾਤ:-

(i) ਯੂਨੀਵਰਸਿਟੀ ਦੀਆਂ ਅਥਾਰਟੀਆਂ ਅਤੇ ਹੋਰ ਬੌਡੀਆਂ, ਜੋ ਸਮੇਂ-ਸਮੇਂ ਤੇ ਗਠਤ ਕੀਤੀਆਂ ਗਈਆਂ ਹੋਣ, ਦੇ ਗਠਨ, ਸ਼ਕਤੀਆਂ ਅਤੇ ਕਾਜਕਾਰ;

(ii) ਵਾਈਸ-ਚਾਂਸਲਰ ਦੀ ਨਿਯੁਕਤੀ ਦੇ ਨਿਬੰਧਨ ਅਤੇ ਸ਼ਰਤਾਂ ਅਤੇ ਉਸ ਦੀਆਂ ਸ਼ਕਤੀਆਂ ਅਤੇ ਕਾਜਕਾਰ;

(iii) ਰਜਿਸਟਰਾਰ ਅਤੇ ਮੁੱਖ ਵਿੱਤ ਅਤੇ ਲੇਖਾ ਅਧਿਕਾਰੀ ਦੀ ਨਿਯੁਕਤੀ ਦਾ ਤਰੀਕਾ, ਨਿਬੰਧਨ ਅਤੇ ਸ਼ਰਤਾਂ ਅਤੇ ਉਨਾਂ ਦੀਆਂ ਸ਼ਕਤੀਆਂ ਅਤੇ ਕਾਜਕਾਰ;

(iv) ਹੋਰ ਅਧਿਕਾਰੀਆਂ ਅਤੇ ਅਧਿਆਪਕਾਂ ਦੀ ਨਿਯੁਕਤੀ ਦਾ ਤਰੀਕਾ, ਨਿਬੰਧਨ ਅਤੇ ਸ਼ਰਤਾਂ ਅਤੇ ਉਨਾਂ ਦੀਆਂ ਸ਼ਕਤੀਆਂ ਅਤੇ ਕਾਜਕਾਰ;

(v) ਯੂਨੀਵਰਸਿਟੀ ਦੇ ਕਰਮਚਾਰੀਆਂ ਦੇ ਸੇਵਾ ਦੇ ਨਿਬੰਧਨ ਅਤੇ ਸ਼ਰਤਾਂ;

(vi) ਯੂਨੀਵਰਸਿਟੀ, ਅਧਿਕਾਰੀਆਂ, ਅਧਿਆਪਕਾਂ, ਕਰਮਚਾਰੀਆਂ ਅਤੇ ਵਿਦਿਆਰਥੀਆਂ ਵਿਚਕਾਰ ਝਗੜੇ ਦੀ ਸੂਰਤ ਵਿੱਚ ਸਾਲਸੀ ਜ਼ਾਬਤਾ;

(vii) ਮਾਨ-ਅਰਥ ਡਿਗਰੀਆਂ ਪ੍ਰਦਾਨ ਕਰਨਾ;

(viii) ਵਿਦਿਆਰਥੀਆਂ ਨੂੰ ਟਿਊਸ਼ਨ ਫ਼ੀਸ ਦੀ ਅਦਾਇਗੀ ਤੋਂ ਛੋਟ ਦੇਣੀ ਅਤੇ ਉਨ੍ਹਾਂ ਨੂੰ ਵਜ਼ੀਫ਼ੇ ਅਤੇ ਫੈਲੋਸ਼ਿਪ ਪ੍ਰਦਾਨ ਕਰਨਾ;

(ix) ਦਾਖਲਿਆਂ ਦੀ ਨੀਤੀ ਜਿਸ ਵਿੱਚ ਸੀਟਾਂ ਦੇ ਰਾਖਵੇਂਕਰਨ ਨੂੰ ਵਿਨਿਯਮਤ ਕਰਨਾ ਸ਼ਾਮਲ ਹੈ;

(x) ਵੱਖ-ਵੱਖ ਕੋਰਸਾਂ ਵਿੱਚ ਸੀਟਾਂ ਦੀ ਗਿਣਤੀ; ਅਤੇ

(xi) ਇਸ ਐਕਟ ਅਧੀਨ ਕੋਈ ਹੋਰ ਮਾਮਲੇ ਜਿਨ੍ਹਾਂ ਲਈ ਪ੍ਰਵਿਧਾਨ ਬਣਾਉਣੇ ਲੋੜੀਂਦੇ ਹੋਣ।

(4) ਚਾਂਸਲਰ ਦੀ ਪ੍ਰਵਾਨਗੀ ਤੋਂ ਪਿੱਛੋਂ, ਯੂਨੀਵਰਸਿਟੀ ਦੇ ਪ੍ਰਵਿਧਾਨਾਂ ਨੂੰ ਰਾਜ ਸਰਕਾਰ ਨੂੰ ਉਸਦੀ ਪ੍ਰਵਾਨਗੀ ਲਈ ਪੇਸ਼ ਕੀਤਾ ਜਾਵੇਗਾ।

(5) ਰਾਜ ਸਰਕਾਰ ਯੂਨੀਵਰਸਿਟੀ ਦੁਆਰਾ ਪੇਸ਼ ਕੀਤੇ ਗਏ ਪ੍ਰਵਿਧਾਨਾਂ ਤੇ ਵਿਚਾਰ ਕਰੇਗੀ ਅਤੇ ਬਿਨਾਂ ਰੂਪਭੇਦ ਤੋਂ ਜਾਂ ਅਜਿਹੇ ਰੂਪਭੇਦ ਕਰਦੇ ਹੋਏ, ਜੇ ਕੋਈ ਹੋਣ, ਜਿਵੇਂ ਕਿ ਉਹ ਜ਼ਰੂਰੀ ਸਮਝਦੀ ਹੋਵੇ, ਉਸ ਨੂੰ ਪ੍ਰਵਾਨਗੀ ਦੇਵੇਗੀ ਅਤੇ ਪ੍ਰਵਿਧਾਨਾਂ ਨੂੰ ਯੂਨੀਵਰਸਿਟੀ ਨੂੰ ਵਾਪਸ ਭੇਜ ਦੇਵੇਗੀ।

(6) ਯੂਨੀਵਰਸਿਟੀ ਸ਼ਾਸਕ ਬੌਡੀ ਦੀ ਪ੍ਰਵਾਨਗੀ ਨਾਲ ਰਾਜ ਸਰਕਾਰ ਦੁਆਰਾ ਪ੍ਰਵਾਨ ਕੀਤੇ ਗਏ ਪ੍ਰਵਿਧਾਨਾਂ ਤੇ ਆਪਣੀ ਸਹਿਮਤੀ ਨੂੰ ਸੰਸੂਚਤ ਕਰੇਗੀ, ਅਤੇ ਜੇ ਯੂਨੀਵਰਸਿਟੀ ਰਾਜ ਸਰਕਾਰ ਦੁਆਰਾ ਕੀਤੇ ਗਏ ਕੁੱਝ ਜਾਂ ਸਾਰੇ ਰੂਪਭੇਦਾਂ ਨੂੰ ਪ੍ਰਭਾਵੀ ਬਣਾਉਣ ਦੀ ਇੱਛਾ ਨਹੀਂ ਰੱਖਦੀ ਤਾਂ ਉਹ ਇਸ ਦੇ ਕਾਰਨ ਵੀ ਦੇ ਸਕੇਗੀ।

(7) ਰਾਜ ਸਰਕਾਰ ਦੁਆਰਾ ਪ੍ਰਵਿਧਾਨਾਂ ਨੂੰ ਅੰਤਮ ਰੂਪ ਵਿੱਚ ਪ੍ਰਵਾਨ ਕਰਨ ਤੋਂ ਪਿੱਛੋਂ ਇਹਨਾਂ ਨੂੰ ਯੂਨੀਵਰਸਿਟੀ ਦੇ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਕੀਤਾ ਜਾਵੇਗਾ।

(8) ਇਸ ਤਰ੍ਹਾਂ ਬਣਾਏ ਗਏ ਪ੍ਰਵਿਧਾਨਾਂ ਨੂੰ ਰਾਜ ਸਰਕਾਰ ਦੀ ਪ੍ਰਵਾਨਗੀ ਤੋਂ ਬਿਨਾਂ ਸੋਧਿਆ ਨਹੀਂ ਜਾਵੇਗਾ।

ਆਰਡੀਨੈਂਸ ਬਣਾਉਣ ਦੀ ਸ਼ਕਤੀ।

26. (1) ਸ਼ਾਸਕ ਬੌਡੀ ਸਮੇਂ-ਸਮੇਂ ਤੇ ਆਰਡੀਨੈਂਸ ਬਣਾ ਸਕੇਗੀ ਜਾਂ ਉਨ੍ਹਾਂ ਵਿੱਚ ਸੋਧ ਕਰ ਸਕੇਗੀ ਜਾਂ ਉਨਾਂ ਨੂੰ ਨਿਰਸਤ ਕਰ ਸਕੇਗੀ।

(2) ਹਰੇਕ ਬਣਾਏ ਗਏ ਆਰਡੀਨੈਂਸ ਜਾਂ ਉਸ ਵਿੱਚ ਕੀਤੀ ਗਈ ਕੋਈ ਸੋਧ ਜਾਂ ਉਸ ਨੂੰ ਨਿਰਸਤ ਕਰਨ ਤੇ ਚਾਂਸਲਰ ਦੀ ਪ੍ਰਵਾਨਗੀ ਲੋੜੀਂਦੀ ਹੋਵੇਗੀ।

(3) ਇਸ ਐਕਟ ਦੇ ਉਪਬੰਧਾਂ ਦੇ ਤਾਬੇ, ਆਰਡੀਨੈਂਸ ਹੇਠ-ਲਿਖੇ ਮਾਮਲਿਆਂ ਲਈ ਉਪਬੰਧ ਕਰ ਸਕਣਗੇ, ਅਰਥਾਤ:-

(i) ਯੂਨੀਵਰਸਿਟੀ ਵਿੱਚ ਵਿਦਿਆਰਥੀਆਂ ਦਾ ਦਾਖਲਾ ਅਤੇ ਉਨ੍ਹਾਂ ਨੂੰ ਅਜਿਹੇ ਰੂਪ ਵਿੱਚ ਦਰਜ ਕਰਨਾ;

(ii) ਯੂਨੀਵਰਸਿਟੀ ਦੀਆਂ ਡਿਗਰੀਆਂ, ਡਿਪਲੋਮੇ ਅਤੇ ਸਰਟੀਫਿਕੇਟਾਂ ਲਈ ਨਿਯਤ ਕੀਤੇ ਜਾਣ ਵਾਲੇ ਅਧਿਐਨ ਕੋਰਸ;

(iii) ਡਿਗਰੀਆਂ, ਡਿਪਲੋਮੇ, ਸਰਟੀਫਿਕੇਟਾਂ ਅਤੇ ਹੋਰ ਅਕਾਦਮਿਕ ਉਪਾਧੀਆਂ ਸਬੰਧੀ;

(iv) ਯੂਨੀਵਰਸਿਟੀ ਦੇ ਵੱਖ-ਵੱਖ ਕੋਰਸਾਂ, ਪ੍ਰੀਖਿਆਵਾਂ, ਡਿਗਰੀਆਂ ਅਤੇ ਡਿਪਲੋਮਿਆਂ ਦੀਆਂ ਲਈਆਂ ਜਾਣ ਵਾਲੀਆਂ ਫ਼ੀਸਾਂ;

(v) ਫੈਲੋ-ਵਜ਼ੀਫੇ, ਵਜ਼ੀਫੇ, ਵਿਦਿਆਰਥੀ-ਵਜ਼ੀਫੇ, ਤਮਗੇ ਅਤੇ ਇਨਾਮ ਦੇਣ ਲਈ ਸ਼ਰਤਾਂ;

(vi) ਪਰੀਖਿਆਵਾਂ ਦਾ ਸੰਚਾਲਣ, ਜਿਸ ਵਿੱਚ ਪਰੀਖਿਆ ਲੈਣ ਵਾਲੀਆਂ ਬੌਡੀਆਂ, ਪਰੀਖਿਅਕਾਂ ਅਤੇ ਮਾਡਰੇਟਰਾਂ ਦੇ ਅਹੁਦੇ ਦੇ ਨਿਬੰਧਨ ਅਤੇ ਨਿਯੁਕਤੀ ਦਾ ਤਰੀਕਾ ਅਤੇ ਕਰਤੱਵ ਸ਼ਾਮਲ ਹਨ;

(vii) ਯੂਨੀਵਰਸਿਟੀ ਵਿੱਚ ਵਿਦਿਆਰਥੀਆਂ ਲਈ ਹੋਸਟਲ ਦੀਆਂ ਸਹੂਲਤਾਂ ਦੀਆਂ ਸ਼ਰਤਾਂ;

(viii) ਯੂਨੀਵਰਸਿਟੀ ਦੇ ਵਿਦਿਆਰਥੀਆਂ ਵਿਰੁੱਧ ਅਨੁਸ਼ਾਸ਼ਨੀ ਕਾਰਵਾਈ ਕਰਨੀ;

(ix) ਕਿਸੇ ਹੋਰ ਬੌਡੀ ਦੀ ਸਿਰਜਣਾ, ਰਚਨਾ ਅਤੇ ਕਾਰਜਕਾਰ, ਜਿਹੜੀ ਯੂਨੀਵਰਸਿਟੀ ਦੇ ਅਕਾਦਮਿਕ ਮਿਆਰ ਨੂੰ ਸੁਧਾਰਨ ਲਈ ਜ਼ਰੂਰੀ ਸਮਝੀ ਜਾਂਦੀ ਹੈ;

(x) ਹੋਰ ਯੂਨੀਵਰਸਿਟੀਆਂ ਅਤੇ ਸੰਸਥਾਵਾਂ ਨਾਲ ਮਿਲ ਕੇ ਕੰਮ ਕਰਨ ਅਤੇ ਸਹਿਯੋਗ ਦੇਣ ਦਾ ਤਰੀਕਾ; ਅਤੇ

(xi) ਇਸ ਐਕਟ ਜਾਂ ਇਸ ਅਧੀਨ ਬਣੇ ਪ੍ਰਵਿਧਾਨਾਂ ਅਨੁਸਾਰ ਉਹ ਸਾਰੇ ਹੋਰ ਮਾਮਲੇ ਜਿਨਾਂ ਲਈ ਆਰਡੀਨੈਂਸਾਂ ਦੁਆਰਾ ਉਪਬੰਧਤ ਕੀਤਾ ਜਾਣਾ ਲੋੜੀਂਦਾ ਹੋਵੇ।

(4) ਚਾਂਸਲਰ ਦੀ ਪ੍ਰਵਾਨਗੀ ਤੋਂ ਪਿੱਛੋਂ, ਆਰਡੀਨੈਂਸ ਰਾਜ ਸਰਕਾਰ ਨੂੰ ਪ੍ਰਵਾਨਗੀ ਲਈ ਪੇਸ਼ ਕੀਤੇ ਜਾਣਗੇ।

(5) ਯੂਨੀਵਰਸਿਟੀ ਦੁਆਰਾ ਪੇਸ਼ ਕੀਤੇ ਗਏ ਆਰਡੀਨੈਂਸਾਂ ਤੇ ਰਾਜ ਸਰਕਾਰ ਵਿਚਾਰ ਕਰੇਗੀ ਅਤੇ ਬਿਨਾਂ ਰੂਪਭੇਦਾਂ ਤੋਂ ਜਾਂ ਅਜਿਹੇ ਰੂਪਭੇਦ ਨਾਲ, ਜੇ ਕੋਈ ਹੋਣ, ਜਿਵੇਂ ਕਿ ਉਹ ਜ਼ਰੂਰੀ ਸਮਝਦੀ ਹੋਵੇ, ਉਸ ਨੂੰ ਪ੍ਰਵਾਨਗੀ ਦੇਵੇਗੀ ਅਤੇ ਉਨ੍ਹਾਂ ਨੂੰ ਵਾਪਸ ਯੂਨੀਵਰਸਿਟੀ ਨੂੰ ਭੇਜ ਦੇਵੇਗੀ।

(6) ਯੂਨੀਵਰਸਿਟੀ, ਸ਼ਾਸਕ ਬੌਡੀ ਦੀ ਪ੍ਰਵਾਨਗੀ ਨਾਲ, ਰਾਜ ਸਰਕਾਰ ਦੁਆਰਾ ਪ੍ਰਵਾਨ ਕੀਤੇ ਗਏ ਆਰਡੀਨੈਂਸਾਂ ਤੇ ਆਪਣੀ ਸਹਿਮਤੀ ਸੰਸੂਚਤ ਕਰੇਗੀ ਅਤੇ ਜੇ ਯੂਨੀਵਰਸਿਟੀ ਰਾਜ ਸਰਕਾਰ ਦੁਆਰਾ ਕੀਤੇ ਗਏ ਕੁੱਝ ਜਾਂ ਸਾਰੇ ਰੂਪਭੇਦਾਂ ਨੂੰ ਪ੍ਰਭਾਵੀ ਬਣਾਉਣ ਦੀ ਇੱਛਾ ਨਹੀਂ ਰੱਖਦੀ ਤਾਂ ਉਹ ਇਸ ਦੇ ਕਾਰਨ ਵੀ ਦੇ ਸਕੇਗੀ।

(7) ਰਾਜ ਸਰਕਾਰ ਦੁਆਰਾ ਆਰਡੀਨੈਂਸਾਂ ਨੂੰ ਅੰਤਿਮ ਰੂਪ ਵਿੱਚ ਪ੍ਰਵਾਨ ਕਰਨ ਤੋਂ ਪਿੱਛੋਂ, ਇਹਨਾਂ ਨੂੰ ਯੂਨੀਵਰਸਿਟੀ ਦੇ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਕੀਤਾ ਜਾਵੇਗਾ।

(8) ਇਸ ਤਰ੍ਹਾਂ ਬਣਾਏ ਗਏ ਆਰਡੀਨੈਂਸਾਂ ਨੂੰ ਰਾਜ ਸਰਕਾਰ ਦੀ ਪ੍ਰਵਾਨਗੀ ਤੋਂ ਬਿਨਾਂ ਸੋਧਿਆ ਨਹੀਂ ਜਾਵੇਗਾ।

ਵਿਨਿਯਮ ਬਣਾਉਣ ਦੀ ਸ਼ਕਤੀ।

27. (1) ਸ਼ਾਸਕ ਬੌਡੀ ਸਮੇਂ-ਸਮੇਂ ਤੇ ਵਿਨਿਯਮ ਬਣਾ ਸਕੇਗੀ ਜਾਂ ਉਨ੍ਹਾਂ ਵਿੱਚ ਸੋਧ ਕਰ ਸਕੇਗੀ ਜਾਂ ਉਹਨਾਂ ਨੂੰ ਨਿਰਸਤ ਕਰ ਸਕੇਗੀ।

(2) ਹਰੇਕ ਵਿਨਿਯਮ ਜਾਂ ਉਸ ਵਿੱਚ ਕੀਤੀ ਗਈ ਕੋਈ ਸੋਧ ਜਾਂ ਉਹਨਾਂ ਨੂੰ ਨਿਰਸਤ ਕਰਨ ਤੇ ਚਾਂਸਲਰ ਦੀ ਪ੍ਰਵਾਨਗੀ ਲੋੜੀਂਦੀ ਹੋਵੇਗੀ।

(3) ਚਾਂਸਲਰ ਦੀ ਪ੍ਰਵਾਨਗੀ ਤੋਂ ਪਿੱਛੋਂ, ਯੂਨੀਵਰਸਿਟੀ ਦੇ ਵਿਨਿਯਮ ਰਾਜ ਸਰਕਾਰ ਨੂੰ ਪ੍ਰਵਾਨਗੀ ਲਈ ਪੇਸ਼ ਕੀਤੇ ਜਾਣਗੇ।

(4) ਰਾਜ ਸਰਕਾਰ ਯੂਨੀਵਰਸਿਟੀ ਦੁਆਰਾ ਪੇਸ਼ ਕੀਤੇ ਗਏ ਵਿਨਿਯਮਾਂ ਤੇ ਵਿਚਾਰ ਕਰੇਗੀ ਅਤੇ ਬਿਨਾਂ ਰੂਪਭੇਦਾਂ ਤੋਂ ਜਾਂ ਅਜਿਹੇ ਰੂਪਭੇਦ ਨਾਲ, ਜੇ ਕੋਈ ਹੋਣ, ਜਿਵੇਂ ਕਿ ਉਹ ਜ਼ਰੂਰੀ ਸਮਝਦੀ ਹੋਵੇ, ਉਸ ਨੂੰ ਪ੍ਰਵਾਨਗੀ ਦੇਵੇਗੀ ਅਤੇ ਵਿਨਿਯਮਾਂ ਨੂੰ ਯੂਨੀਵਰਸਿਟੀ ਨੂੰ ਭੇਜ ਦੇਵੇਗੀ।

(5) ਯੂਨੀਵਰਸਿਟੀ, ਸ਼ਾਸਕ ਬੌਡੀ ਦੀ ਪ੍ਰਵਾਨਗੀ ਨਾਲ, ਰਾਜ ਸਰਕਾਰ ਦੁਆਰਾ ਪ੍ਰਵਾਨ ਕੀਤੇ ਗਏ ਵਿਨਿਯਮਾਂ ਤੇ ਆਪਣੀ ਸਹਿਮਤੀ ਸੰਸੂਚਤ ਕਰੇਗੀ ਅਤੇ ਜੇ ਯੂਨੀਵਰਸਿਟੀ ਰਾਜ ਸਰਕਾਰ ਦੁਆਰਾ ਕੀਤੇ ਗਏ ਕੁੱਝ ਜਾਂ ਸਾਰੇ ਰੂਪਭੇਦਾਂ ਨੂੰ ਪ੍ਰਭਾਵੀ ਬਣਾਉਣ ਦੀ ਇੱਛਾ ਨਹੀਂ ਰੱਖਦੀ ਤਾਂ ਉਹ ਇਸ ਦੇ ਕਾਰਨ ਵੀ ਦੇ ਸਕੇਗੀ।

(6) ਰਾਜ ਸਰਕਾਰ ਦੁਆਰਾ ਵਿਨਿਯਮਾਂ ਨੂੰ ਅੰਤਿਮ ਰੂਪ ਵਿੱਚ ਪ੍ਰਵਾਨ ਕਰਨ ਤੋਂ ਪਿੱਛੋਂ ਇਨ੍ਹਾਂ ਨੂੰ ਯੂਨੀਵਰਸਿਟੀ ਦੇ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਕੀਤਾ ਜਾਵੇਗਾ।

(7) ਇਸ ਤਰ੍ਹਾਂ ਬਣਾਏ ਗਏ ਵਿਨਿਯਮਾਂ ਨੂੰ ਰਾਜ ਸਰਕਾਰ ਦੀ ਪ੍ਰਵਾਨਗੀ ਤੋਂ ਬਿਨਾਂ ਸੋਧਿਆ ਨਹੀਂ ਜਾਵੇਗਾ।

ਯੂਨੀਵਰਸਿਟੀ ਵੱਲੋਂ ਵਿਨਿਯਮਤ ਬੌਡੀਆਂ ਦੇ ਨਿਯਮਾਂ, ਵਿਨਿਯਮਾਂ ਆਦਿ ਦੀ ਪਾਲਣਾ ਕਰਨਾ।

28. (1) ਯੂਨੀਵਰਸਿਟੀ ਨੂੰ ਕੋਈ ਵੀ ਡਿਗਰੀਆਂ ਦੇਣ ਦੀ ਮਨਾਹੀ ਹੋਵੇਗੀ ਜੋ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਜਾਂ ਕੇਂਦਰੀ ਸਰਕਾਰ ਦੁਆਰਾ ਇਸ ਦੇ ਬਰਾਬਰ ਦੀ ਗਠਤ ਕੀਤੀ ਗਈ ਬੌਡੀ ਵੱਲੋਂ ਮਾਨਤਾ ਪ੍ਰਾਪਤ ਨਹੀਂ ਹਨ।

(2) ਯੂਨੀਵਰਸਿਟੀ ਲਈ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਨਿੱਜੀ ਯੂਨੀਵਰਸਿਟੀਆਂ ਵਿੱਚ ਮਿਆਰਾਂ ਦੀ ਸਥਾਪਨਾ ਅਤੇ ਸੰਭਾਲ) ਵਿਨਿਯਮ, 2003 ਜਾਂ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਜਾਂ ਕਿਸੇ ਹੋਰ ਰੈਗੂਲੇਟਰੀ ਬੌਡੀਆਂ ਦੁਆਰਾ ਨਿੱਜੀ ਯੂਨੀਵਰਸਿਟੀਆਂ ਲਈ ਬਣਾਏ ਗਏ ਕਿਸੇ ਹੋਰ ਵਿਨਿਯਮਾਂ ਦੀ ਪਾਲਣਾ ਕਰਨੀ ਲਾਜ਼ਮੀ ਹੋਵੇਗੀ।

ਆਮ ਫ਼ੰਡ।

29. (1) ਯੂਨੀਵਰਸਿਟੀ ਦਾ ਇੱਕ ਆਮ ਫ਼ੰਡ ਹੋਵੇਗਾ, ਜਿਸ ਵਿੱਚ ਰਾਸ਼ੀ ਜਮ੍ਹਾਂ ਕਰਵਾਈ ਜਾਵੇਗੀ,-

(ੳ) ਯੂਨੀਵਰਸਿਟੀ ਦੁਆਰਾ ਪ੍ਰਾਪਤ ਕੀਤੀਆਂ ਗਈਆਂ ਫੀਸਾਂ ਅਤੇ ਹੋਰ ਚਾਰਜਿਜ਼;

(ਅ) ਯੂਨੀਵਰਸਿਟੀ ਦੁਆਰਾ ਮਸ਼ਵਰੇ ਤੋਂ ਅਤੇ ਆਪਣੇ ਜ਼ਿੰਮੇ ਲਏ ਗਏ ਹੋਰ ਕੰਮਾਂ ਤੋਂ ਪ੍ਰਾਪਤ ਕੀਤੀ ਗਈ ਕੋਈ ਆਮਦਨ;

(ਣ) ਕਿਸੇ ਸਰਕਾਰੀ ਅਤੇ ਗੈਰ-ਸਰਕਾਰੀ ਫ਼ੰਡ ਏਜੰਸੀਆਂ ਤੋਂ ਖੋਜ ਪ੍ਰੋਜੈਕਟਾਂ ਲਈ ਯੂਨੀਵਰਸਿਟੀ ਦੁਆਰਾ ਕਿਸੇ ਸਾਧਨ ਤੋਂ ਪ੍ਰਾਪਤ ਕੀਤੇ ਗਏ ਫ਼ੰਡ ਅਤੇ ਗ੍ਰਾਂਟਾਂ;

(2) ਆਮ ਫੰਡ ਦੀ ਵਰਤੋਂ ਹੇਠ-ਲਿਖੇ ਪ੍ਰਯੋਜਨਾਂ ਲਈ ਹੋਵੇਗੀ, ਅਰਥਾਤ:-

(ੳ) ਯੂਨੀਵਰਸਿਟੀ ਦੁਆਰਾ ਉਠਾਏ ਗਏ ਕਰਜ਼ਿਆਂ ਨੂੰ ਵਿਆਜ਼ ਦੇ ਚਾਰਜਿਜ਼ ਸਮੇਤ ਵਾਪਸ ਅਦਾਇਗੀ ਕਰਨ ਲਈ;

(ਅ) ਯੂਨੀਵਰਸਿਟੀ ਦੇ ਧਨਧਾਮ ਦੀ ਸੰਭਾਲ ਲਈ;

(ੲ) ਫ਼ੰਡ ਦੇ ਆਡਿਟ ਦੇ ਖ਼ਰਚੇ ਦੀ ਅਦਾਇਗੀ ਲਈ;

(ਸ) ਕਿਸੇ ਦਾਵੇ ਜਾਂ ਕਾਰਵਾਈਆਂ ਦੇ ਖ਼ਰਚਿਆਂ ਦੀ ਪੂਰਤੀ ਕਰਨ ਲਈ;

(ਹ) ਯੂਨੀਵਰਸਿਟੀ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੀਆਂ ਤਨਖਾਹਾਂ ਅਤੇ ਭੱਤਿਆਂ ਦੀ ਅਦਾਇਗੀ ਲਈ ਅਤੇ ਅਜਿਹੇ ਕਿਸੇ ਅਧਿਕਾਰੀ ਅਤੇ ਕਰਮਚਾਰੀ ਨੂੰ ਕਿਸੇ ਫ਼ਾਇਦੇ ਦੀ ਅਦਾਇਗੀ ਕਰਨ ਲਈ;

(ਕ) ਯੂਨੀਵਰਸਿਟੀ ਦੀਆਂ ਅਥਾਰਟੀਆਂ, ਕਮੇਟੀ ਜਾਂ ਬੋਰਡ ਦੇ ਮੈਂਬਰਾਂ ਦੇ ਯਾਤਰਾ ਅਤੇ ਹੋਰ ਭੱਤਿਆਂ ਦੀ ਅਦਾਇਗੀ ਕਰਨ ਲਈ;

(ਖ) ਸਮਾਜ ਦੇ ਆਰਥਿਕ ਤੌਰ ਤੇ ਕਮਜ਼ੋਰ ਵਰਗ ਨਾਲ ਸਬੰਧਤ ਵਿਦਿਆਰਥੀਆਂ ਜਾਂ ਸਹਿਯੋਗੀ ਖੋਜਕਾਰਾਂ ਜਾਂ ਸਿਖਿਆਰਥੀਆਂ, ਜਿਹੀ ਕਿ ਸੂਰਤ ਹੋਵੇ, ਜਾਂ ਅਜਿਹੇ ਐਵਾਰਡ ਪ੍ਰਾਪਤ ਕਰਨ ਲਈ ਕਿਸੇ ਪਾਤਰ ਵਿਦਿਆਰਥੀ ਨੂੰ ਫ਼ੈਲੋਸ਼ਿੱਪਾਂ, ਵਜ਼ੀਫ਼ੇ, ਸਹਾਇਤਾ ਅਤੇ ਹੋਰ ਐਵਾਰਡਾਂ ਦੀ ਅਦਾਇਗੀ ਕਰਨ ਲਈ;

(ਗ) ਯੂਨੀਵਰਸਿਟੀ ਦੁਆਰਾ ਉਠਾਏ ਗਏ ਕਿਸੇ ਖਰਚੇ ਦੀ ਅਦਾਇਗੀ ਕਰਨ ਲਈ;

(ਘ) ਯੂਨੀਵਰਸਿਟੀ ਦੇ ਪ੍ਰਯੋਜਨ ਲਈ ਭੋਂ ਅਰਜਤ ਕਰਨ ਜਾਂ ਕਿਸੇ ਕਿਸਮ ਦੇ ਵਿਕਾਸ ਦੇ ਕੰਮ ਜਾਂ ਅਜਿਹੇ ਕਿਸੇ ਹੋਰ ਸਰਗਰਮੀਆਂ ਦੇ ਸਬੰਧ ਵਿੱਚ ਅਦਾਇਗੀ ਕਰਨ ਲਈ;

(ਙ) ਟ੍ਰਸਟ ਦੁਆਰਾ ਯੂਨੀਵਰਸਿਟੀ ਦੀ ਸਥਾਪਨਾ ਅਤੇ ਉਸ ਨੂੰ ਚਲਾਉਣ ਲਈ ਉਠਾਏ ਗਏ ਕਰਜ਼ਿਆਂ ਅਤੇ ਇਸ ਲਈ

ਕੀਤੇ ਗਏ ਨਿਵੇਸ਼ਾਂ ਦੀ ਵਾਪਸ ਅਦਾਇਗੀ ਕਰਨ ਲਈ ਅਤੇ ਪੂੰਜੀ ਦੇ ਖ਼ਰਚੇ ਦੀ ਅਦਾਇਗੀ ਲਈ;

(ਚ) ਯੂਨੀਵਰਸਿਟੀ ਦੁਆਰਾ ਜ਼ਿੰਮੇ ਲਏ ਗਏ ਮਸ਼ਵਰੇ ਦੇ ਕੰਮ ਨਾਲ ਸਬੰਧਤ ਚਾਰਜਿਜ਼ਾਂ ਅਤੇ ਖਰਚਿਆਂ ਦੀ ਅਦਾਇਗੀ ਲਈ;

(ਛ) ਟ੍ਰਸਟ ਦੁਆਰਾ ਜਾਂ ਯੂਨੀਵਰਸਿਟੀ ਲਈ ਜਾਂ ਇਸ ਦੇ ਨਮਿੱਤ ਕਿਸੇ ਖਰਚੇ, ਤਨਖਾਹਾਂ, ਕਰਾਂ, ਦੇਣਦਾਰੀਆਂ ਦੀ ਅਦਾਇਗੀ ਕਰਨ ਲਈ।

30. ਯੂਨੀਵਰਸਿਟੀ ਦੀ ਆਮਦਨ ਅਤੇ ਖਰਚਿਆਂ ਦੇ ਲੇਖੇ ਯੂਨੀਵਰਸਿਟੀ ਦੇ ਚਾਰਟਰਡ ਲੇਖਾਕਾਰ ਦੁਆਰਾ ਜਮ੍ਹਾਂ ਕੀਤੇ ਜਾਣਗੇ ਅਤੇ ਉਹ ਖਾਤੇ ਮੁੱਖ ਵਿੱਤ ਅਤੇ ਲੇਖਾ ਅਧਿਕਾਰੀ ਦੁਆਰਾ ਸਾਲ ਵਿੱਚ ਇੱਕ ਵਾਰੀ ਸ਼ਾਸਕ ਬੌਡੀ ਨੂੰ ਉਸ ਦੀ ਪ੍ਰਵਾਨਗੀ ਲਈ ਪੇਸ਼ ਕੀਤੇ ਜਾਣਗੇ। ਸਾਲਾਨਾ ਰਿਪੋਰਟ।

31. ਯੂਨੀਵਰਸਿਟੀ ਛਿਮਾਹੀ-ਦਰ-ਛਿਮਾਹੀ ਜਾਂ ਸਲਾਨਾ, ਜਿਹੀ ਕਿ ਸੂਰਤ ਹੋਵੇ, ਪ੍ਰੀਖਿਆਵਾਂ ਦੀ ਅਸਥਾਈ ਅਨੁਸੂਚੀ ਤਿਆਰ ਅਤੇ ਪ੍ਰਕਾਸ਼ਤ ਕਰੇਗੀ ਜਿਸ ਵਿੱਚ ਹਰੇਕ ਅਕਾਦਮਿਕ ਸੈਸ਼ਨ ਦੀ ਸ਼ੁਰੂਆਤ ਵਿੱਚ ਕਰਵਾਈਆਂ ਜਾਣ ਵਾਲੀਆਂ ਵੱਖ-ਵੱਖ ਅਕਾਦਮਿਕ ਗਤੀਵਿਧੀਆਂ ਸ਼ਾਮਲ ਹਨ, ਪਰੰਤੂ ਇਹ ਕੈਲੰਡਰ ਸਾਲ ਦੇ ਅਗਸਤ ਦੇ 30ਵੇਂ ਦਿਨ ਤੋਂ ਬਾਅਦ ਨਹੀਂ ਹੋਵੇਗੀ। ਪ੍ਰੀਖਿਆਵਾਂ।

ਵਿਆਖਿਆ:- 'ਪ੍ਰੀਖਿਆਵਾਂ ਦੀ ਅਨੁਸੂਚੀ', ਦਾ ਮਤਲਬ ਹੈ ਹਰੇਕ ਪੇਪਰ ਦੇ ਅਰੰਭ ਦੇ ਸਮੇਂ, ਦਿਨ ਅਤੇ ਤਰੀਕ ਬਾਰੇ ਵੇਰਵੇ ਦਿੰਦੀ ਸਮਾਂ-ਸਾਰਣੀ, ਜਿਹੜੀ ਪ੍ਰੀਖਿਆਵਾਂ ਦੀ ਸਕੀਮ ਦਾ ਹਿੱਸਾ ਹੈ ਜਿਸ ਵਿੱਚ ਵਿਵਹਾਰਕ ਪ੍ਰੀਖਿਆਵਾਂ ਅਤੇ ਜ਼ੁਬਾਨੀ ਪ੍ਰੀਖਿਆਵਾਂ, ਜੇ ਕੋਈ ਹੋਣ, ਸ਼ਾਮਲ ਹਨ।

32. (1) ਯੂਨੀਵਰਸਿਟੀ, ਇੱਕ ਖਾਸ ਕੋਰਸ ਦੀ ਪ੍ਰੀਖਿਆ ਦੀ ਆਖਰੀ ਤਰੀਕ ਤੋਂ ਪੰਤਾਲੀ ਦਿਨ ਦੀ ਮੁੱਦਤ ਦੇ ਅੰਦਰ ਇਸ ਦੁਆਰਾ ਸੰਚਾਲਤ ਕੀਤੀਆਂ ਗਈਆਂ ਪ੍ਰੀਖਿਆਵਾਂ ਦੇ ਨਤੀਜੇ ਐਲਾਨ ਕਰਨ ਦਾ ਯਤਨ ਕਰੇਗੀ, ਅਤੇ ਕਿਸੇ ਵੀ ਹਾਲਤ ਵਿੱਚ ਉਕਤ ਤਰੀਕ ਤੋਂ ਸੱਠ ਦਿਨਾਂ ਤੋਂ ਬਾਅਦ ਨਹੀਂ ਹੋਣਗੇ। ਨਤੀਜਿਆਂ ਦਾ ਐਲਾਨ ਕਰਨਾ।

(2) ਕੋਈ ਪ੍ਰੀਖਿਆ ਜਾਂ ਕਿਸੇ ਵੀ ਪ੍ਰੀਖਿਆ ਦਾ ਨਤੀਜਾ ਸਿਰਫ਼ ਇਸ ਕਾਰਨ ਕਰਕੇ ਨਾਜਾਇਜ਼ ਘੋਸ਼ਿਤ ਨਹੀਂ ਕੀਤਾ ਜਾਵੇਗਾ ਕਿ ਯੂਨੀਵਰਸਿਟੀ ਦੁਆਰਾ ਪ੍ਰੀਖਿਆਵਾਂ ਦੀ ਅਨੁਸੂਚੀ ਦਾ ਅਨੁਸਰਣ ਨਹੀਂ ਕੀਤਾ ਗਿਆ ਹੈ।

33. ਯੂਨੀਵਰਸਿਟੀ ਦੀ ਕਨਵੋਕੇਸ਼ਨ ਹਰੇਕ ਅਕਾਦਮਿਕ ਸਾਲ ਵਿੱਚ ਡਿਗਰੀਆਂ, ਡਿਪਲੋਮੇ, ਸਰਟੀਫਿਕੇਟਾਂ ਜਾਂ ਕੋਈ ਹੋਰ ਅਕਾਦਮਿਕ ਉਪਾਧੀਆਂ ਪ੍ਰਦਾਨ ਕਰਨ ਲਈ ਜਾਂ ਤਰੀਕੇ ਵਿੱਚ ਕਿਸੇ ਹੋਰ ਪ੍ਰਯੋਜਨ ਲਈ, ਜਿਵੇਂ ਮੁਕੱਰਰ ਕੀਤਾ ਗਿਆ ਹੋਵੇ, ਆਯੋਜਿਤ ਕੀਤੀ ਜਾਵੇਗੀ। ਕਨਵੋਕੇਸ਼ਨ।

ਸਬੰਧਤ ਅਥਾਰਟੀਆਂ ਅਤੇ ਬੌਡੀਆਂ ਦੇ ਝਗੜੇ।

34. ਜੇ ਕਿਸੇ ਵਿਅਕਤੀ ਦੇ ਯੂਨੀਵਰਸਿਟੀ ਦੀ ਕਿਸੇ ਅਥਾਰਟੀ ਜਾਂ ਹੋਰ ਬੌਡੀ ਦਾ ਮੈਂਬਰ ਹੋਣ ਸਬੰਧੀ ਉਸਦੀ ਨਿਯੁਕਤੀ ਜਾਂ ਹੱਕ ਦੇ ਬਾਰੇ ਕੋਈ ਪ੍ਰਸ਼ਨ ਉੱਠਦਾ ਹੈ ਤਾਂ ਅਜਿਹਾ ਪ੍ਰਸ਼ਨ ਚਾਂਸਲਰ ਨੂੰ ਭੇਜਿਆ ਜਾਵੇਗਾ, ਜਿਸ ਤੇ ਉਸਦਾ ਫ਼ੈਸਲਾ ਅੰਤਿਮ ਅਤੇ ਬੰਧਨਕਾਰੀ ਹੋਵੇਗਾ।

ਕਠਨਾਈਆਂ ਦੂਰ ਕਰਨ ਦੀ ਸ਼ਕਤੀ।

35. ਜੇ ਇਸ ਐਕਟ ਦੇ ਕਿਸੇ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਵਿੱਚ ਕੋਈ ਕਠਨਾਈ ਪੇਸ਼ ਆਉਂਦੀ ਹੈ ਤਾਂ ਰਾਜ ਸਰਕਾਰ, ਚਾਂਸਲਰ ਨਾਲ ਮਸ਼ਵਰਾ ਕਰਕੇ, ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਹੁਕਮ ਦੁਆਰਾ, ਅਜਿਹੇ ਉਪਬੰਧ ਬਣਾ ਸਕੇਗੀ ਜੋ ਇਸ ਐਕਟ ਦੇ ਉਪਬੰਧਾਂ ਨਾਲ ਅਸੰਗਤ ਨਾ ਹੋਣ ਅਤੇ ਜੋ ਉਹ ਅਜਿਹੀ ਕਠਨਾਈ ਨੂੰ ਦੂਰ ਕਰਨ ਲਈ ਜ਼ਰੂਰੀ ਸਮਝੇ:

ਪਰੰਤੂ ਇਸ ਐਕਟ ਦੇ ਅਰੰਭ ਦੀ ਤਰੀਕ ਤੋਂ ਦੋ ਸਾਲ ਦੀ ਮੁੱਦਤ ਗੁਜ਼ਰਣ ਪਿੱਛੋਂ ਇਸ ਧਾਰਾ ਅਧੀਨ ਕੋਈ ਅਜਿਹਾ ਹੁਕਮ ਨਹੀਂ ਕੀਤਾ ਜਾਵੇਗਾ।

ਨੇਕ-ਨੀਤੀ ਨਾਲ ਕੀਤੀ ਕਾਰਵਾਈ ਦਾ ਬਚਾਉ।

36. ਇਸ ਐਕਟ, ਪ੍ਰਵਿਧਾਨਾਂ, ਆਰਡੀਨੈਂਸਾਂ ਜਾਂ ਵਿਨਿਯਮਾਂ ਵਿੱਚ ਕੀਤੇ ਉਪਬੰਧਾਂ ਦੇ ਅਨੁਸਰਣ ਵਿੱਚ ਨੇਕ-ਨੀਤੀ ਨਾਲ ਕੀਤੀ ਗਈ ਜਾਂ ਕੀਤੀ ਜਾਣੀ ਚਿਤਵਤ ਕਿਸੇ ਗੱਲ ਲਈ ਯੂਨੀਵਰਸਿਟੀ ਦੇ ਕਿਸੇ ਅਧਿਕਾਰੀ ਜਾਂ ਕਰਮਚਾਰੀ ਦੇ ਵਿਰੁੱਧ ਕੋਈ ਦਾਵਾ ਜਾਂ ਹੋਰ ਕਾਨੂੰਨੀ ਕਾਰਵਾਈ ਨਹੀਂ ਹੋ ਸਕੇਗੀ।

ਅੰਤਰਕਾਲੀ ਉਪਬੰਧ।

37. ਇਸ ਐਕਟ ਜਾਂ ਇਸ ਅਧੀਨ ਬਣਾਏ ਗਏ ਪ੍ਰਵਿਧਾਨਾਂ, ਆਰਡੀਨੈਂਸਾਂ ਜਾਂ ਵਿਨਿਯਮਾਂ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਟ੍ਰਸਟ, ਫ਼ੰਡਾਂ ਦੀ ਉਪਲੱਬਧਤਾ ਹੋਣ ਦੇ ਤਾਬੇ, ਇਸ ਐਕਟ, ਪ੍ਰਵਿਧਾਨਾਂ, ਆਰਡੀਨੈਂਸਾਂ ਜਾਂ ਵਿਨਿਯਮਾਂ ਦੇ ਉਪਬੰਧਾਂ ਨੂੰ ਸਿਰੇ ਚਾੜ੍ਹਨ ਦੇ ਪ੍ਰਯੋਜਨਾਂ ਲਈ, ਯੂਨੀਵਰਸਿਟੀ ਦੇ ਸਾਰੇ ਕਾਰਜ ਜਾਂ ਕਿਸੇ ਇੱਕ ਕਾਰਜ ਦਾ ਨਿਸਤਾਰਾ ਕਰ ਸਕਦਾ ਹੈ ਅਤੇ ਉਸ ਪ੍ਰਯੋਜਨ ਲਈ, ਜਦੋਂ ਤੱਕ ਅਜਿਹੀ ਅਥਾਰਟੀ ਹੋਂਦ ਵਿੱਚ ਨਹੀਂ ਆ ਜਾਂਦੀ ਜਾਂ ਕੋਈ ਅਜਿਹਾ ਅਧਿਕਾਰੀ ਨਿਯੁਕਤ ਨਹੀਂ ਹੋ ਜਾਂਦਾ, ਟ੍ਰਸਟ ਅਜਿਹੀਆਂ ਸ਼ਕਤੀਆਂ ਦੀ ਵਰਤੋਂ ਕਰ ਸਕਦਾ ਹੈ ਅਤੇ ਅਜਿਹੇ ਕਰਤੱਵਾਂ ਨੂੰ ਨਿਭਾ ਸਕਦਾ ਹੈ ਜਿਹੜੇ ਇਸ ਐਕਟ ਜਾਂ ਅਜਿਹੇ ਪ੍ਰਵਿਧਾਨਾਂ, ਆਰਡੀਨੈਂਸਾਂ ਜਾਂ ਵਿਨਿਯਮਾਂ ਦੁਆਰਾ ਯੂਨੀਵਰਸਿਟੀ ਦੀ ਕਿਸੇ ਅਥਾਰਟੀ ਜਾਂ ਅਧਿਕਾਰੀ ਦੁਆਰਾ ਨਿਭਾਏ ਜਾਣੇ ਹੁੰਦੇ ਹਨ।

**ਬੀ.ਬੀ.ਐੱਸ. ਤੇਜੀ,**
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ,
ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ।

*3702/4-2026/Pb. Govt. Press, S.A.S. Nagar*

ਭਾਗ -1

## ਪੰਜਾਬ ਸਰਕਾਰ

ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ

## ਅਧਿਸੂਚਨਾ

ਮਿਤੀ 27 ਅਪ੍ਰੈਲ, 2026

ਨੰ. 35/ਭ:ਕ/2026.- ਪੰਜਾਬ ਪਾਣੀ ਵਸੀਲੇ (ਪ੍ਰਬੰਧਨ ਅਤੇ ਵਿਨਿਯਮਨ) ਐਕਟ, 2020 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ. 5) ਦੀ ਧਾਰਾ 6-ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ ।

DEPARTMENT OF LEGAL AND LEGISLATIVE AFFAIRS

## NOTIFICATION

The 27th April, 2026

**No. 35/L.C./2026.-** The Translation in Punjabi of the Punjab Water Resources (Management and Regulation) Act, 2020 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No.5 of 1967)

ਪੰਜਾਬ ਪਾਣੀ ਵਸੀਲੇ (ਪ੍ਰਬੰਧਨ ਅਤੇ ਵਿਨਿਯਮਨ) ਐਕਟ, 2020

(2020 ਦਾ ਪੰਜਾਬ ਐਕਟ ਨੰ:2)

ਰਾਜ ਦੇ ਪਾਣੀ ਵਸੀਲਿਆ ਦੇ ਪ੍ਰਬੰਧਨ ਅਤੇ ਵਿਨਿਯਮਨ ਅਤੇ ਇਨ੍ਹਾਂ ਦੇ ਨਿਆਂਪੂਰਨ ਸਮਤਾਪੂਰਨ ਅਤੇ ਸਿੱਧ ਹੋਣ ਯੋਗ ਵਰਤੋਂ ਅਤੇ ਪ੍ਰਬੰਧਨ ਨੂੰ ਯਕੀਨੀ ਬਣਾਉਣ ਲਈ, ਅਤੇ ਇਸ ਨਾਲ ਸਬੰਧਤ ਜਾਂ ਅਨੁਸੰਗਕ ਮਾਮਲਿਆਂ ਲਈ ਉਪਬੰਧ ਕਰਨ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਸੱਤਰ੍ਹਵੇਂ ਸਾਲ ਵਿਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ:-

1. (1) ਇਸ ਐਕਟ ਨੂੰ ਪੰਜਾਬ ਪਾਣੀ ਵਸੀਲੇ (ਪ੍ਰਬੰਧਨ ਅਤੇ ਵਿਨਿਯਮਨ) ਐਕਟ, 2020 ਕਿਹਾ ਜਾ ਸਕੇਗਾ। ਸੰਖੇਪ ਨਾਂ, ਵਿਸਤਾਰ ਅਤੇ ਅਰੰਭ ।

(2) ਇਸਦਾ ਵਿਸਤਾਰ ਸਾਰੇ ਪੰਜਾਬ ਰਾਜ 'ਤੇ ਹੋਵੇਗਾ।

(3) ਇਹ ਅਜਿਹੀ ਤਰੀਕ ਨੂੰ ਨਾਫ਼ਜ ਹੋਵੇਗਾ ਜੋ ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਨਿਯਤ ਕਰੇ।

2. (1) ਇਸ ਐਕਟ ਵਿਚ, ਜੇ ਪ੍ਰਸੰਗ ਹੋਰ ਤਰ੍ਹਾਂ ਨਾ ਲੋੜੇ,- ਪਰਿਭਾਸ਼ਾਵਾਂ ।

(ੳ) "ਸਲਾਹ" ਦਾ ਮਤਲਬ ਹੈ ਇਸ ਐਕਟ ਅਧੀਨ ਸਰਕਾਰ ਅਤੇ ਅਜਿਹੀਆਂ ਹੋਰ ਹਸਤੀਆਂ ਦੇ ਵਿਚਾਰ ਲਈ ਕੀਤੀ ਗਈ ਸਿਫਾਰਸ਼ ਜਾਂ ਸਲਾਹ, ਜਿਵੇਂ ਉਲਿਖਤ ਕੀਤਾ ਜਾਵੇ;

(ਅ) "ਅਥਾਰਟੀ" ਦਾ ਮਤਲਬ ਹੈ ਇਸ ਐਕਟ ਦੀ ਧਾਰਾ 3 ਅਧੀਨ ਸਥਾਪਤ ਪੰਜਾਬ ਪਾਣੀ ਵਿਨਿਯਮਨ ਅਤੇ ਵਿਕਾਸ ਅਥਾਰਟੀ;

(ੲ) "ਵਰਤੋਂ ਦੀ ਸ਼੍ਰੇਣੀ" ਦਾ ਮਤਲਬ ਹੈ ਵੱਖ-ਵੱਖ ਪ੍ਰਯੋਜਨਾਂ ਜਿਵੇਂ ਕਿ ਘਰੇਲੂ, ਸਿੰਚਾਈ, ਉਦਯੋਗਿਕ ਜਾਂ ਵਪਾਰਕ ਪ੍ਰਯੋਜਨਾਂ ਲਈ ਪਾਣੀ ਦੀ ਵਰਤੋਂ, ਜਿਸ ਵਿੱਚ ਅਜਿਹੇ ਹੋਰ ਪ੍ਰਯੋਜਨ ਸ਼ਾਮਲ ਹਨ ਜੋ ਅਥਾਰਟੀ ਦੁਆਰਾ ਨਿਰਧਾਰਤ ਕੀਤੇ ਜਾਣ;

(ਸ) "ਚੇਅਰਪਰਸਨ" ਦਾ ਮਤਲਬ ਹੈ ਅਥਾਰਟੀ ਦਾ ਚੇਅਰਪਰਸਨ;

(ਹ) "ਪਰਿਸ਼ਦ" ਦਾ ਮਤਲਬ ਹੈ ਇਸ ਐਕਟ ਦੀ ਧਾਰਾ 13 ਅਧੀਨ ਗਠਤ ਪੰਜਾਬ ਰਾਜ ਪਾਣੀ ਪ੍ਰਬੰਧਨ ਅਤੇ ਵਿਕਾਸ ਪਰਿਸ਼ਦ;

(ਕ) "ਹਸਤੀ" ਦਾ ਮਤਲਬ ਹੈ ਕਿਸੇ ਕਾਨੂੰਨ ਅਧੀਨ ਜਾਂ ਹੋਰ ਤਰ੍ਹਾਂ ਸਥਾਪਿਤ ਇੱਕ ਸੰਗਠਨ ਜਾਂ ਅਥਾਰਟੀ, ਜਿਸ ਵਿੱਚ ਗ੍ਰਾਮ ਪੰਚਾਇਤਾਂ, ਪੰਚਾਇਤ ਸੰਮਤੀਆਂ, ਜਿਲ੍ਹਾ ਗ੍ਰਾਮ ਪੰਚਾਇਤਾਂ, ਪੰਚਾਇਤ ਸੰਮਤੀਆਂ, ਜਿਲ੍ਹਾ ਪਰਿਸ਼ਦਾਂ, ਨਗਰਪਾਲਿਕਾਵਾਂ ਅਤੇ ਸੰਘ ਸਰਕਾਰ ਜਾਂ ਪੰਜਾਬ ਸਰਕਾਰ ਅਤੇ ਇਸਦੇ ਕਿਸੇ ਵੀ ਵਿਭਾਗਾਂ ਦੁਆਰਾ ਸਥਾਪਤ ਕੋਈ ਹੋਰ ਬੋਰਡ ਜਾਂ ਨਿਗਮ ਸ਼ਾਮਲ ਹਨ;

(ਖ) "ਸਰਕਾਰ" ਦਾ ਮਤਲਬ ਹੈ ਪੰਜਾਬ ਰਾਜ ਦੀ ਸਰਕਾਰ ਦਾ ਪਾਣੀ ਵਸੀਲੇ ਵਿਭਾਗ;

(ਗ) "ਜ਼ਮੀਨ ਹੇਠਲਾ ਪਾਣੀ" ਦਾ ਮਤਲਬ ਹੈ ਆਪਣੀ ਕੁਦਰਤੀ ਅਵਸਥਾ ਅਧੀਨ ਆਉਣ ਵਾਲਾ ਪਾਣੀ, ਜਿੱਥੇ ਇਹ ਸੰਤ੍ਰਿਪਤਾ ਦੇ ਖੇਤਰ ਵਿੱਚ ਸਤ੍ਹਾ ਦੇ ਹੇਠਾਂ ਮੌਜੂਦ ਹੁੰਦਾ ਹੈ ਜਿਸਨੂੰ ਖੂਹਾਂ ਜਾਂ ਕਿਸੇ ਹੋਰ ਸਾਧਨਾਂ ਰਾਹੀਂ ਕੱਢਿਆ ਜਾ ਸਕਦਾ ਹੋਵੇ ਜਾਂ ਚਸ਼ਮਿਆਂ ਵਜੋਂ ਉਭਰਦਾ ਹੈ ਅਤੇ ਮੂਲਤੱਤ ਚਸ਼ਮਿਆਂ ਅਤੇ ਦਰਿਆਵਾਂ ਵਿੱਚ ਵਹਿੰਦਾ ਹੈ;

(ਘ) "ਮੈਂਬਰ" ਦਾ ਮਤਲਬ ਹੈ ਅਥਾਰਟੀ ਦਾ ਮੈਂਬਰ ਅਤੇ ਜਦੋਂ ਤੱਕ ਪ੍ਰਸੰਗ ਹੋਰ ਤਰ੍ਹਾਂ ਨਾ ਲੋੜੇ, ਇਸ ਵਿੱਚ ਚੇਅਰਪਰਸਨ ਸ਼ਾਮਲ ਹੈ;

(ਙ) "ਵਿਅਕਤੀ" ਵਿਚ ਇੱਕ ਵਿਅਕਤੀ, ਇੱਕ ਕੰਪਨੀ, ਇੱਕ ਫ਼ਰਮ, ਵਿਅਕਤੀਆਂ ਦੀ ਇੱਕ ਸਭਾ ਜਾਂ ਵਿਅਕਤੀਆਂ ਦੀ ਇੱਕ ਬੌਡੀ ਭਾਵੇਂ, ਨਿਗਮਤ ਹੋਵੇ ਜਾਂ ਨ ਹੋਵੇ, ਸ਼ਾਮਲ ਹਨ,

(ਚ) "ਮੁਕੱਰਰ" ਦਾ ਮਤਲਬ ਹੈ ਇਸ ਐਕਟ ਅਧੀਨ ਬਣਾਏ ਗਏ ਨਿਯਮਾਂ ਦੁਆਰਾ ਮੁਕੱਰਰ;

(ਛ) "ਪ੍ਰਧਾਨ" ਦਾ ਮਤਲਬ ਹੈ ਪਰਿਸ਼ਦ ਦਾ ਪ੍ਰਧਾਨ;

(ਜ) "ਵਿਨਿਯਮਾਂ" ਦਾ ਮਤਲਬ ਹੈ ਇਸ ਐਕਟ ਅਧੀਨ ਅਥਾਰਟੀ ਦੁਆਰਾ ਬਣਾਏ ਗਏ ਵਿਨਿਯਮ;

(ਝ) "ਚੋਣ ਕਮੇਟੀ" ਦਾ ਮਤਲਬ ਹੈ ਇਸ ਐਕਟ ਦੀ ਧਾਰਾ 5 ਅਧੀਨ ਗਠਿਤ ਚੋਣ ਕਮੇਟੀ;

(ਞ) "ਉਲਿਖਤ" ਦਾ ਮਤਲਬ ਹੈ ਸਰਕਾਰ ਦੁਆਰਾ, ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਅਧਿਸੂਚਨਾ ਰਾਹੀਂ ਉਲਿਖਤ, ਜਦੋਂ ਤੱਕ ਪ੍ਰਸੰਗ ਹੋਰ ਤਰ੍ਹਾਂ ਨਾ ਲੋੜੇ;

(ਟ) "ਜ਼ਮੀਨ ਹੇਠਲੇ ਪਾਣੀ ਵਿਕਾਸ ਦੇ ਪੜਾਅ" ਦਾ ਮਤਲਬ ਹੈ ਸਲਾਨਾ ਜ਼ਮੀਨ ਹੇਠਲਾ ਪਾਣੀ ਕੱਢਣ ਅਤੇ ਸਲਾਨਾ ਜ਼ਮੀਨ ਹੇਠਲੇ ਪਾਣੀ ਦੀ ਅਸਲ ਉਪਲੱਬਧਤਾ ਦਾ ਪ੍ਰਤੀਸ਼ਤ ਵਿੱਚ ਅਨੁਪਾਤ;

(ਠ) "ਰਾਜ" ਦਾ ਮਤਲਬ ਹੈ ਪੰਜਾਬ ਰਾਜ; ਅਤੇ

(ਡ) "ਆਇਤਨ-ਮਾਪਕ" ਦਾ ਮਤਲਬ ਹੈ ਆਇਤਨ ਦੇ ਆਧਾਰ 'ਤੇ ਪਾਣੀ ਦਾ ਮਾਪ; ਅਤੇ

(ਢ) "ਪਾਣੀ" ਵਿੱਚ ਸਤ੍ਹਾ, ਸਤ੍ਹਾ ਹੇਠਲਾ ਅਤੇ ਜ਼ਮੀਨ ਹੇਠਲਾ ਪਾਣੀ ਸ਼ਾਮਲ ਹੈ।

(2) ਇਸ ਐਕਟ ਵਿੱਚ ਵਰਤੇ ਗਏ ਪਰ ਪਰਿਭਾਸ਼ਤ ਨਹੀਂ ਕੀਤੇ ਗਏ, ਪਰ ਰਾਜ ਵਿੱਚ ਵੱਖ-ਵੱਖ ਸਿੰਚਾਈ ਜਾਂ ਪਾਣੀ ਵਸੀਲਿਆਂ ਨਾਲ ਸੰਬੰਧਿਤ ਕਾਨੂੰਨਾਂ ਵਿੱਚ ਪਰਿਭਾਸ਼ਤ ਕੀਤੇ ਗਏ ਸ਼ਬਦਾਂ ਅਤੇ ਪਦਾਂ ਦੇ ਕ੍ਰਮਵਾਰ ਉਹੀ ਅਰਥ ਹੋਣਗੇ ਜੋ ਉਹਨਾਂ ਕਾਨੂੰਨ ਵਿੱਚ ਉਹਨਾਂ ਨੂੰ ਦਿੱਤੇ ਗਏ ਹਨ।

ਅਥਾਰਟੀ ਦੀ ਸਥਾਪਨਾ ਅਤੇ ਨਿਗਮਨ ।

3. (1) ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਅਜਿਹੀ ਤਰੀਕ ਤੋਂ ਜੋ ਅਧਿਸੂਚਨਾ ਵਿੱਚ ਉਲਿਖਤ ਕੀਤੀ ਜਾਵੇ, "ਪੰਜਾਬ ਪਾਣੀ ਵਿਨਿਯਮਨ ਅਤੇ ਵਿਕਾਸ ਵਜੋਂ ਜਾਣੀ ਜਾਂਦੀ ਅਥਾਰਟੀ ਸਥਾਪਿਤ ਕਰੇਗੀ।

(2) ਅਥਾਰਟੀ ਸਰਕਾਰ ਦੁਆਰਾ ਨਿਯੁਕਤ ਕੀਤੇ ਜਾਣ ਵਾਲੇ ਚੇਅਰਪਰਸਨ ਅਤੇ ਦੋ ਹੋਰ ਮੈਂਬਰਾਂ ਤੋਂ ਮਿਲ ਕੇ ਬਣੇਗੀ।

(3) ਉਪ-ਧਾਰਾ (1) ਅਧੀਨ ਸਥਾਪਿਤ ਅਥਾਰਟੀ ਉਪਰੋਕਤ ਨਾਂ ਨਾਲ ਇੱਕ ਨਿਗਮਤ ਬੌਡੀ ਹੋਵੇਗੀ, ਇਸ ਦਾ ਸਦੀਵੀ ਉੱਤਰਾਧਿਕਾਰ ਅਤੇ ਇਕ ਸਾਂਝੀ ਮੁਹਰ ਹੋਵੇਗੀ, ਜਿਸ ਕੋਲ ਮੁਆਇਦਾ ਕਰਨ, ਚੁੱਕਵੀ ਅਤੇ ਅਚੁੱਕਵੀ ਦੋਵੇਂ ਸੰਪਤੀਆਂ ਨੂੰ ਅਰਜਤ ਕਰਨ, ਧਾਰਨ ਕਰਨ ਅਤੇ ਨਿਬੇੜਾ ਕਰਨ, ਅਤੇ ਇਸ ਐਕਟ ਦੇ ਪ੍ਰਯੋਜਨਾਂ ਲਈ ਸਾਰੀਆਂ ਜ਼ਰੂਰੀ ਗੱਲਾਂ ਕਰਨ ਦੀ ਸ਼ਕਤੀ ਹੋਵੇਗੀ, ਅਤੇ ਇਹ ਇਸਦੇ ਨਿਗਮਤ ਨਾਂ ਦੁਆਰਾ ਦਾਵਾ ਕਰ ਸਕੇਗੀ ਅਤੇ ਇਸਤੇ ਦਾਵਾ ਕੀਤਾ ਜਾ ਸਕੇਗਾ।

(4) ਅਥਾਰਟੀ ਦਾ ਮੁੱਖ ਦਫ਼ਤਰ ਅਜਿਹੀ ਥਾਂ ਤੇ ਹੋਵੇਗਾ, ਜਿਵੇਂ ਸਰਕਾਰ ਦੁਆਰਾ ਅਧਿਸੂਚਿਤ ਕੀਤਾ ਜਾਵੇ।

ਚੇਅਰਪਰਸਨ ਅਤੇ ਹੋਰ ਮੈਂਬਰਾਂ ਦੀ ਨਿਯੁਕਤੀ ਲਈ ਕਾਬਲੀਅਤ।

4. (1) ਅਥਾਰਟੀ ਦਾ ਚੇਅਰਪਰਸਨ ਯੋਗਤਾ ਅਤੇ ਦਿਆਨਤਦਾਰੀ ਵਾਲਾ ਵਿਅਕਤੀ ਹੋਵੇਗਾ ਜਿਸ ਕੋਲ ਪਾਣੀ ਅਤੇ ਇਸਦੇ ਪ੍ਰਬੰਧਨ ਦੇ ਖੇਤਰ ਵਿੱਚ ਪ੍ਰਮਾਣਨਯੋਗ ਤਜ਼ਰਬਾ ਹੋਵੇ ਅਤੇ ਲੋਕ ਪ੍ਰਸ਼ਾਸਨ, ਕਾਨੂੰਨ ਅਤੇ ਅਰਥ ਸ਼ਾਸਤਰ ਦੀ ਚੰਗੀ ਸਮਝ ਰੱਖਣ ਵਾਲਾ ਹੋਵੇਗਾ।

(2) ਅਥਾਰਟੀ ਦੇ ਹੋਰ ਮੈਂਬਰ ਯੋਗਤਾ, ਦਿਆਨਤਦਾਰੀ ਅਤੇ ਤਜ਼ਰਬੇ ਵਾਲੇ ਵਿਅਕਤੀ ਹੋਣਗੇ ਜਿਨ੍ਹਾਂ ਕੋਲ ਪਾਣੀ ਵਸੀਲਿਆਂ ਦੇ ਪ੍ਰਬੰਧਨ ਨਾਲ ਨਜਿੱਠਣ ਦਾ ਚੋਖਾ ਤਜਰਬਾ ਅਤੇ ਸਮੱਰਥਾ ਹੋਵੇ ਜਾਂ ਜੋ ਪਾਣੀ ਵਸੀਲੇ ਇੰਜੀਨੀਅਰਿੰਗ, ਵਾਤਾਵਰਣ, ਖੇਤੀਬਾੜੀ, ਕਾਨੂੰਨ, ਵਿੱਤ, ਪ੍ਰਬੰਧਨ, ਪ੍ਰਸ਼ਾਸਨ ਜਾਂ ਅਰਥ-ਸ਼ਾਸਤਰ ਦੇ ਖੇਤਰਾਂ ਵਿੱਚ ਮਾਹਿਰ ਹਨ।

(3) ਅਥਾਰਟੀ ਦੇ ਚੇਅਰਪਰਸਨ ਅਤੇ ਹੋਰ ਮੈਂਬਰ ਧਾਰਾ 5 ਅਧੀਨ ਗਠਿਤ ਚੋਣ ਕਮੇਟੀ ਦੀ ਸਿਫ਼ਾਰਸ਼ 'ਤੇ ਨਿਯੁਕਤ ਕੀਤੇ ਜਾਣਗੇ।

(4) ਅਥਾਰਟੀ ਦਾ ਚੇਅਰਪਰਸਨ ਜਾਂ ਕੋਈ ਹੋਰ ਮੈਂਬਰ, ਚੇਅਰਪਰਸਨ ਜਾਂ ਮੈਂਬਰ ਵਜੋਂ ਆਪਣੇ ਅਹੁਦੇ ਦੀ ਅਉਧ ਦੌਰਾਨ ਕੋਈ ਹੋਰ ਅਹੁਦਾ ਧਾਰਨ ਨਹੀਂ ਕਰੇਗਾ।

ਚੋਣ ਕਮੇਟੀ ਦਾ ਗਠਨ ਅਤੇ ਕਾਜਕਾਰ।

5. (1) ਸਰਕਾਰ, ਧਾਰਾ 4 ਦੀ ਉਪ-ਧਾਰਾ (3) ਦੇ ਪ੍ਰਯੋਜਨਾਂ ਲਈ, ਇੱਕ ਚੋਣ ਕਮੇਟੀ ਗਠਤ ਕਰੇਗੀ ਜਿਸਦੀ ਅਗਵਾਈ ਮੁੱਖ ਸਕੱਤਰ, ਪੰਜਾਬ ਦੁਆਰਾ ਕੀਤੀ ਜਾਵੇਗੀ ਅਤੇ ਘੱਟੋ-ਘੱਟ ਦੋ ਹੋਰ ਮੈਂਬਰਾਂ ਤੋਂ ਮਿਲ ਕੇ ਬਣੇਗੀ।

(2) ਸਰਕਾਰ, ਅਥਾਰਟੀ ਦੇ ਚੇਅਰਪਰਸਨ ਜਾਂ ਕਿਸੇ ਮੈਂਬਰ ਦੀ ਮੌਤ, ਅਸਤੀਫੇ ਜਾਂ ਹਟਾਏ ਜਾਣ ਕਾਰਨ ਕੋਈ ਅਸਾਮੀ ਖਾਲੀ ਹੋਣ ਦੀ ਤਰੀਕ ਤੋਂ ਇੱਕ ਮਹੀਨੇ ਦੇ ਅੰਦਰ, ਅਤੇ ਅਥਾਰਟੀ ਦੇ ਚੇਅਰਪਰਸਨ ਜਾਂ ਕਿਸੇ ਮੈਂਬਰ ਦੀ ਸੇਵਾਮੁਕਤੀ ਜਾਂ ਅਉਧ ਦਾ ਅੰਤ ਹੋਣ ਤੋਂ ਛੇ ਮਹੀਨੇ ਪਹਿਲਾਂ, ਅਸਾਮੀ ਨੂੰ ਭਰਨ ਲਈ ਚੋਣ ਕਮੇਟੀ ਨੂੰ ਹਵਾਲਾ ਕਰੇਗੀ।

(3) ਚੋਣ ਕਮੇਟੀ ਇਸਨੂੰ ਹਵਾਲਾ ਕੀਤੀ ਹਰੇਕ ਖਾਲੀ ਅਸਾਮੀ ਲਈ ਸਰਕਾਰ ਨੂੰ ਘੱਟੋ-ਘੱਟ ਦੋ ਨਾਵਾਂ ਦੇ ਪੈਨਲ ਦੀ ਸਿਫਾਰਸ਼ ਕਰੇਗੀ।

(4) ਅਥਾਰਟੀ ਦੇ ਚੇਅਰਪਰਸਨ ਜਾਂ ਹੋਰ ਮੈਂਬਰ ਵਜੋਂ ਨਿਯੁਕਤੀ ਲਈ ਕਿਸੇ ਵੀ ਵਿਅਕਤੀ ਦੀ ਸਿਫਾਰਸ਼ ਕਰਨ ਤੋਂ ਪਹਿਲਾਂ, ਚੋਣ ਕਮੇਟੀ ਖੁਦ ਨੂੰ, ਸੰਤੁਸ਼ਟ ਕਰੇਗੀ ਕਿ ਅਜਿਹੇ ਵਿਅਕਤੀ ਦਾ ਕੋਈ ਵਿੱਤੀ ਜਾਂ ਹੋਰ ਹਿੱਤ ਨਹੀਂ ਹੈ, ਜਿਸ ਨਾਲ ਚੇਅਰਪਰਸਨ ਜਾਂ ਮੈਂਬਰ ਵਜੋਂ ਉਸ ਦੇ ਕਾਜਕਾਰਾਂ ਤੇ ਪ੍ਰਤੀਕੂਲ ਪ੍ਰਭਾਵ ਪੈਣ ਦੀ ਸੰਭਾਵਨਾ ਹੋਵੇ।

(5) ਅਥਾਰਟੀ ਦੇ ਚੇਅਰਪਰਸਨ ਜਾਂ ਹੋਰ ਮੈਂਬਰ ਦੀ ਨਿਯੁਕਤੀ ਚੋਣ ਕਮੇਟੀ ਵਿੱਚ ਕੇਵਲ ਕਿਸੇ ਖਾਲੀ ਥਾਂ ਹੋਣ ਕਰਕੇ ਨਾਜਾਇਜ਼ ਨਹੀਂ ਹੋਵੇਗੀ।

6. (1) ਕੋਈ ਵੀ ਵਿਅਕਤੀ ਚੇਅਰਪਰਸਨ ਜਾਂ ਹੋਰ ਮੈਂਬਰ ਵਜੋਂ ਸੇਵਾ ਨਹੀਂ ਨਿਭਾਏਗਾ ਜੇਕਰ ਉਸਨੇ ਪੈਂਹਠ ਸਾਲ ਦੀ ਉਮਰ ਪੂਰੀ ਕਰ ਲਈ ਹੋਵੇ। ਅਥਾਰਟੀ ਦੇ ਚੇਅਰਪਰਸਨ ਅਤੇ ਮੈਂਬਰਾਂ ਦੇ ਅਹੁਦੇ ਦੀ ਅਉਧ, ਤਨਖਾਹ ਅਤੇ ਭੱਤੇ ਅਤੇ ਸੇਵਾ ਦੀਆਂ ਹੋਰ ਸ਼ਰਤਾਂ।

(2) ਚੇਅਰਪਰਸਨ ਜਾਂ ਹੋਰ ਮੈਂਬਰ ਅਹੁਦਾ ਸੰਭਾਲਣ ਦੀ ਤਰੀਕ ਤੋਂ ਉਲਿਖਤ ਅਉਧ ਲਈ ਅਹੁਦਾ ਸੰਭਾਲਣਗੇ, ਪਰ ਇਹ ਇਕੋਂ ਸਮੇਂ ਤਿੰਨ ਸਾਲਾਂ ਤੋਂ ਵੱਧ ਨਹੀਂ ਹੋਵੇਗੀ:

ਪਰੰਤੂ ਉਕਤ ਤਿੰਨ ਸਾਲਾਂ ਦੀ ਅਉਧ, ਅਹੁਦੇਦਾਰ ਦੁਆਰਾ ਕੀਤੀ ਕਿਰਤ ਦੀ ਗੁਣਵੱਤਾ, ਕਾਰ-ਵਿਹਾਰ ਦੇ ਪ੍ਰਬੰਧਨ ਅਤੇ ਕੀਤੀਆਂ ਪਹਿਲਕਦਮੀਆਂ ਦੇ ਆਧਾਰ ਤੇ ਪੰਜ ਸਾਲਾਂ ਤੱਕ ਵਧਾਈ ਜਾ ਸਕਦੀ ਹੈ।

(3) ਚੇਅਰਪਰਸਨ ਅਤੇ ਹੋਰ ਮੈਂਬਰਾਂ ਦੀ ਤਨਖ਼ਾਹ ਅਤੇ ਭੱਤੇ ਅਤੇ ਸੇਵਾ ਦੇ ਹੋਰ ਨਿਬੰਧਨ ਅਤੇ ਸ਼ਰਤਾਂ ਅਜਿਹੀਆਂ ਹੋਣਗੀਆਂ ਜੋ ਉਲਿਖਤ ਕੀਤੀਆਂ ਜਾਣ।

(4) ਚੇਅਰਪਰਸਨ ਅਤੇ ਹੋਰ ਮੈਂਬਰਾਂ ਦੀ ਤਨਖਾਹ ਅਤੇ ਭੱਤੇ ਅਤੇ ਸੇਵਾ ਦੀਆਂ ਹੋਰ ਸ਼ਰਤਾਂ ਨਿਯੁਕਤੀ ਤੋਂ ਬਾਅਦ ਉਨ੍ਹਾਂ ਦੇ ਅਲਾਭ ਲਈ ਨਹੀਂ ਬਦਲੀਆਂ ਜਾਣਗੀਆਂ।

(5) ਚੇਅਰਪਰਸਨ ਅਤੇ ਹਰੇਕ ਮੈਂਬਰ, ਆਪਣਾ ਅਹੁਦਾ ਸੰਭਾਲਣ ਤੋਂ ਪਹਿਲਾਂ, ਅਜਿਹੇ ਰੂਪ ਵਿੱਚ ਅਤੇ ਅਜਿਹੇ ਤਰੀਕੇ ਨਾਲ ਅਤੇ ਅਜਿਹੀ ਅਥਾਰਟੀ ਦੇ ਸਾਹਮਣੇ, ਜਿਵੇਂ ਉਲਿਖਤ ਕੀਤਾ ਜਾਵੇ, ਅਹੁਦੇ ਅਤੇ ਗੁਪਤਤਾ ਦੀ ਸਹੁੰ ਚੁੱਕੇਗਾ ਅਤੇ ਉਸ 'ਤੇ ਸਹੀ ਪਾਵੇਗਾ।

(6) ਉਪ-ਧਾਰਾ (1) ਵਿਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਚੇਅਰਪਰਸਨ ਜਾਂ ਕੋਈ ਵੀ ਮੈਂਬਰ,-

(i) ਮੁੱਖ ਸਕੱਤਰ ਨੂੰ ਤਿੰਨ ਮਹੀਨਿਆਂ ਤੋਂ ਨ ਘੱਟ ਦਾ ਨੋਟਿਸ ਦੇਣ ਤੇ ਆਪਣਾ ਅਹੁਦਾ ਛੱਡ ਸਕੇਗਾ; ਜਾਂ

(ii) ਇਸ ਐਕਟ ਦੀ ਧਾਰਾ 7 ਦੇ ਉਪਬੰਧਾਂ ਦੀ ਅਨੁਸਾਰਤਾ ਵਿੱਚ ਉਸਨੂੰ ਉਸਦੇ ਅਹੁਦੇ ਤੋਂ ਹਟਾਇਆ ਜਾ ਸਕੇਗਾ।

7. (1) ਸਰਕਾਰ, ਹੁਕਮ ਦੁਆਰਾ, ਚੇਅਰਪਰਸਨ ਜਾਂ ਕਿਸੇ ਹੋਰ ਮੈਂਬਰਾਂ ਨੂੰ, ਅਹੁਦੇ ਤੋਂ ਹਟਾ ਸਕੇਗੀ, ਜੇ ਚੇਅਰਪਰਸਨ ਜਾਂ ਅਜਿਹਾ ਕੋਈ ਹੋਰ ਮੈਂਬਰ, ਜਿਹੀ ਕਿ ਸੂਰਤ ਹੋਵੇ,– ਅਥਾਰਟੀ ਦੇ ਚੇਅਰਪਰਸਨ ਜਾਂ ਮੈਂਬਰ ਨੂੰ ਹਟਾਉਣਾ।

(i) ਦੀਵਾਲੀਆ ਨਿਆਂ-ਨਿਰਣਿਤ ਕੀਤਾ ਗਿਆ ਹੋਵੇ; ਜਾਂ

(ii) ਕਿਸੇ ਅਪਰਾਧ ਲਈ ਸਿੱਧ-ਦੋਸ਼ੀ ਠਹਿਰਾਇਆ ਗਿਆ ਹੋਵੇ ਜੋ, ਸਰਕਾਰ ਦੀ ਰਾਇ ਵਿੱਚ ਸਦਾਚਾਰਕ ਗਿਰਾਵਟ ਵਾਲਾ ਹੋਵੇ; ਜਾਂ

(iii) ਚੇਅਰਪਰਸਨ ਜਾਂ ਮੈਂਬਰ ਵਜੋਂ ਕਾਰਜ ਕਰਨ ਲਈ ਸਰੀਰਕ ਤੌਰ ਤੇ ਜਾਂ ਮਾਨਸਿਕ ਤੌਰ ਤੇ ਅਸਮੱਰਥ ਬਣ ਗਿਆ ਹੋਵੇ; ਜਾਂ

(iv) ਨੇ ਅਜਿਹਾ ਵਿੱਤੀ ਜਾਂ ਹੋਰ ਹਿੱਤ ਅਰਜਤ ਕਰ ਲਿਆ ਹੋਵੇ, ਜਿਸ ਨਾਲ ਚੇਅਰਪਰਸਨ ਜਾਂ ਮੈਂਬਰ ਦੇ ਤੌਰ 'ਤੇ ਉਸਦੇ ਕਾਜਕਾਰ ਤੇ ਪ੍ਰਤਿਕੂਲ ਪ੍ਰਭਾਵ ਪੈਣ ਦੀ ਸੰਭਾਵਨਾ ਹੋਵੇ; ਜਾਂ

(v) ਆਪਣੇ ਪਦ ਦੀ ਦੁਰਵਰਤੋਂ ਇਸ ਤਰ੍ਹਾਂ ਕੀਤੀ ਹੋਵੇ ਕਿ ਉਸਦਾ ਅਹੁਦੇ ਤੇ ਕਾਇਮ ਰਹਿਣਾ ਲੋਕ ਹਿੱਤਾਂ 'ਤੇ ਪ੍ਰਤਿਕੂਲ ਪ੍ਰਭਾਵ ਪਾਉਣ ਵਾਲਾ ਹੋਵੇ:

ਪਰੰਤੂ ਚੇਅਰਪਰਸਨ ਜਾਂ ਮੈਂਬਰ ਨੂੰ ਖੰਡ (iv) ਜਾਂ (v) ਅਧੀਨ ਬਿਨ੍ਹਾਂ ਕਿਸੇ ਜਾਂਚ ਦੇ ਉਸ ਦੇ ਅਹੁਦੇ ਤੋਂ ਨਹੀਂ ਹਟਾਇਆ ਜਾਵੇਗਾ।

(2) ਸਰਕਾਰ, ਚੇਅਰਪਰਸਨ ਜਾਂ ਕਿਸੇ ਮੈਂਬਰ ਵਿਰੁੱਧ, ਜਾਂਚ ਦੀ ਮੁਦੱਤ ਦੌਰਾਨ, ਜਿਵੇਂ ਉਪ-ਧਾਰਾ (1) ਵਿੱਚ ਜ਼ਿਕਰ ਕੀਤਾ ਗਿਆ ਹੈ, ਅਜਿਹੇ ਚੇਅਰਪਰਸਨ ਜਾਂ ਮੈਂਬਰ ਨੂੰ ਅਥਾਰਟੀ ਦੀਆਂ ਕਾਰਵਾਈਆਂ ਵਿੱਚ ਭਾਗ ਲੈਣ ਤੋਂ ਰੋਕ ਸਕੇਗੀ।

ਅਥਾਰਟੀ ਦਾ ਅਮਲਾ।

8. (1) ਸਰਕਾਰ ਇੱਕ ਸੇਵਾ ਕਰ ਰਹੇ ਹਾਂ ਸੇਵਾਮੁਕਤ ਅਧਿਕਾਰੀ ਨੂੰ, ਜਿਸਨੇ ਪੰਜਾਬ ਸਰਕਾਰ ਦੇ ਵਿਸ਼ੇਸ਼ ਸਕੱਤਰ ਜਾਂ ਇਸਤੋਂ ਉਚੇਰੇ ਅਹੁਦੇ ਦੇ ਬਰਾਬਰ ਰੈਂਕ ਤੇ ਕੰਮ ਕੀਤਾ ਹੈ, ਅਥਾਰਟੀ ਦੇ ਸਕੱਤਰ ਵਜੋਂ ਨਿਯੁਕਤ ਕਰ ਸਕਦੀ ਹੈ ਤਾਂ ਜੋ ਉਹ ਅਜਿਹੀਆਂ ਸ਼ਕਤੀਆਂ ਦੀ ਵਰਤੋਂ ਕਰ ਸਕੇ ਅਤੇ ਅਜਿਹੇ ਕਾਜਕਾਰ ਨਿਭਾਅ ਸਕੇ, ਜਿਵੇਂ ਵਿਨਿਯਮਾਂ ਦੁਆਰਾ ਉਪਬੰਧਤ ਕੀਤਾ ਜਾਵੇ।

(2) ਸਕੱਤਰ ਦੀ ਅਉਧ ਤਿੰਨ ਸਾਲ ਦੀ ਹੋਵੇਗੀ ਅਤੇ ਸਰਕਾਰ ਦੁਆਰਾ ਇਸਨੂੰ ਦੋ ਸਾਲ ਹੋਰ ਵਧਾਇਆ ਜਾ ਸਕਦਾ ਹੈ।

(3) ਸਕੱਤਰ ਦੀ ਤਨਖਾਹ, ਭੱਤੇ ਅਤੇ ਸੇਵਾ ਦੀਆਂ ਹੋਰ ਸ਼ਰਤਾਂ ਅਜਿਹੀਆਂ ਹੋਣਗੀਆਂ, ਜਿਵੇਂ ਉਲਿਖਤ ਕੀਤਾ ਜਾਵੇ।

(4) ਅਥਾਰਟੀ, ਸਰਕਾਰ ਦੀ ਪੂਰਵ ਪ੍ਰਵਾਨਗੀ ਨਾਲ, ਪੰਜ ਸਾਲਾਂ ਤੋਂ ਵੱਧ ਨ ਹੋਣ ਵਾਲੀ ਨਿਯਤ ਅਉਧ ਲਈ, ਠੇਕੇ 'ਤੇ ਅਜਿਹੀ ਗਿਣਤੀ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਨਿਯੁਕਤੀ ਕਰ ਸਕਦੀ ਹੈ, ਜਿਵੇਂ ਉਹ ਆਪਣੇ ਕਰਤੱਵਾਂ ਅਤੇ ਕਾਜਕਾਰਾਂ ਨੂੰ ਨਿਭਾਉਣ ਲਈ ਜ਼ਰੂਰੀ ਸਮਝਦੀ ਹੈ।

(5) ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਤਨਖ਼ਾਹ, ਭੱਤੇ ਅਤੇ ਸੇਵਾ ਦੀਆਂ ਹੋਰ ਸ਼ਰਤਾਂ ਅਜਿਹੀਆਂ ਹੋਣਗੀਆਂ, ਜਿਵੇਂ ਸਰਕਾਰ ਦੁਆਰਾ ਤੈਅ ਕੀਤਾ ਜਾਵੇ।

(6) ਅਥਾਰਟੀ ਸਰਕਾਰ ਨਾਲ ਮਸ਼ਵਰਾ ਕਰਕੇ, ਕਿਸੇ ਸਰਕਾਰੀ ਅਧਿਕਾਰੀ ਜਾਂ ਕਰਮਚਾਰੀ ਨੂੰ ਪ੍ਰਤੀ ਨਿਯੁਕਤੀ 'ਤੇ ਨਿਯੁਕਤ ਕਰ ਸਕਦੀ ਹੈ।

(7) ਅਥਾਰਟੀ ਆਪਣੇ ਕਾਜਕਾਰਾਂ ਦੇ ਨਿਭਾਉਣ ਵਿੱਚ ਅਥਾਰਟੀ ਦੀ ਸਹਾਇਤਾ ਲਈ ਲੋੜੀਂਦੇ ਸਲਾਹਕਾਰਾਂ ਨੂੰ ਨਿਯੁਕਤ ਕਰ ਸਕੇਗੀ ਜਾਂ ਭਾੜੇ ਤੇ ਲੈ ਸਕੇਗੀ।

ਅਥਾਰਟੀ ਦਾ ਵਿੱਤ ਅਤੇ ਬਜਟ।

9. (1) ਅਥਾਰਟੀ ਦੁਆਰਾ ਕਿਸੇ ਵੀ ਸਰੋਤ (T) ਤੋਂ ਪ੍ਰਾਪਤ ਹੋਣ ਵਾਲੀਆਂ ਸਾਰੀਆਂ ਫੀਸਾਂ, ਖਰਚੇ ਅਤੇ ਫ਼ੰਡ, ਜਿਵੇਂ ਸਰਕਾਰ ਦੁਆਰਾ ਫੈਸਲਾ ਕੀਤਾ ਜਾਵੇ, ਰਾਜ ਦੇ ਖਜ਼ਾਨੇ ਵਿਚ ਜਮ੍ਹਾਂ ਕੀਤੇ ਜਾਣਗੇ।

(2) ਅਥਾਰਟੀ ਸਲਾਨਾ ਬਜਟ ਤਿਆਰ ਕਰੇਗੀ ਅਤੇ ਇਸਨੂੰ ਹੇਠ-ਲਿਖੇ ਖਰਚਿਆਂ ਨੂੰ ਪੂਰਾ ਕਰਨ ਲਈ ਹਰੇਕ ਸਾਲ ਸਰਕਾਰ ਨੂੰ ਭੇਜੇਗੀ, ਅਰਥਾਤ:-

(i) ਅਥਾਰਟੀ ਦੇ ਚੇਅਰਪਰਸਨ, ਮੈਂਬਰਾਂ, ਸਕੱਤਰ, ਅਧਿਕਾਰੀਆਂ ਅਤੇ ਹੋਰ ਕਰਮਚਾਰੀਆਂ ਦੀ ਤਨਖਾਹ, ਭੱਤੇ ਅਤੇ ਹੋਰ ਮਿਹਨਤਾਨੇ; ਅਤੇ

(ii) ਇਸ ਐਕਟ ਅਧੀਨ ਆਪਣੇ ਕਾਜਕਾਰਾਂ ਨੂੰ ਨਿਭਾਉਣ ਵਿਚ ਅਥਾਰਟੀ ਦੇ ਖਰਚੇ।

(3) ਐਕਟ ਦੇ ਉਦੇਸ਼ਾਂ ਨੂੰ ਪੂਰਾ ਕਰਨ ਲਈ ਸਰਕਾਰ ਅਥਾਰਟੀ ਦੁਆਰਾ ਜਮ੍ਹਾਂ ਕੀਤੇ ਫੰਡਾਂ ਦੀ ਵਰਤੋਂ ਕਰੇਗੀ।

ਅਥਾਰਟੀ ਦੀਆਂ ਕਾਰਵਾਈਆਂ।

10. (1) ਅਥਾਰਟੀ ਮੁੱਖ ਦਫ਼ਤਰ ਜਾਂ ਇਸਦੇ ਕਿਸੇ ਵੀ ਦਫ਼ਤਰ ਵਿੱਖੇ ਅਜਿਹੇ ਸਮੇਂ ਤੇ ਇੱਕਤਰਤਾ ਕਰੇਗੀ ਜਿਵੇਂ ਚੇਅਰਪਰਸਨ ਨਿਰਦੇਸ਼ ਦੇਵੇ ਅਤੇ ਆਪਣੀਆਂ ਇੱਕਤਰਤਾਵਾਂ ਵਿਚ ਕਾਰਜ ਨੇਪਰੇ ਚਾੜ੍ਹਨ ਬਾਬਤ ਅਜਿਹੇ ਜ਼ਾਬਤੇ ਦੇ ਨਿਯਮਾਂ ਦੀ ਪਾਲਣਾ ਕਰੇਗੀ, ਜਿਵੇਂ ਵਿਨਿਯਮਾਂ ਦੁਆਰਾ ਉਪਬੰਧਤ ਕੀਤਾ ਜਾਵੇ।

(2) ਅਥਾਰਟੀ ਦੀ ਇਕੱਤਰਤਾ ਵਿੱਚ ਕਾਰਜ ਨੇਪਰੇ ਚਾੜ੍ਹਲ ਲਈ ਲੋੜੀਂਦਾ ਕੋਰਮ ਅਜਿਹਾ ਹੋਵੇਗਾ, ਜੋ ਵਿਨਿਯਮਾਂ ਦੁਆਰਾ ਉਪਬੰਧਤ ਕੀਤਾ ਜਾਵੇ।

(3) ਚੇਅਰਪਰਸਨ, ਜਾਂ ਜੇਕਰ ਉਹ ਅਥਾਰਟੀ ਦੀ ਇਕੱਤਰਤਾ ਵਿੱਚ ਹਾਜਰ ਹੋਣ ਵਿੱਚ ਅਸਮੱਰਥ ਹੋਵੇ, ਚੇਅਰਪਰਸਨ ਦੁਆਰਾ ਇਸਦੇ ਨਮਿੱਤ ਨਾਮਜ਼ਦ ਕੀਤਾ ਗਿਆ ਕੋਈ ਹੋਰ ਮੈਂਬਰ ਅਤੇ, ਅਜਿਹੀ ਨਾਮਜ਼ਦਗੀ ਦੀ ਗੈਰ-ਹਾਜ਼ਰੀ ਵਿੱਚ ਜਾਂ ਜਿੱਥੇ ਕੋਈ ਚੇਅਰਪਰਸਨ ਨ ਹੋਵੇ, ਹਾਜ਼ਰ ਮੈਂਬਰਾਂ ਦੁਆਰਾ ਆਪਣੇ ਵਿੱਚੋਂ ਚੁਣਿਆ ਗਿਆ ਕੋਈ ਮੈਂਬਰ, ਇਕੱਤਰਤਾ ਦੀ ਪ੍ਰਧਾਨਗੀ ਕਰੇਗਾ।

(4) ਅਥਾਰਟੀ ਦੀ ਕੋਈ ਵੀ ਇੱਕਤਰਤਾ ਸਾਹਮਣੇ ਆਉਣ ਵਾਲੇ ਸਾਰੇ ਪ੍ਰਸ਼ਨਾਂ ਦਾ ਫੈਸਲਾ ਹਾਜ਼ਰ ਹੋਣ ਅਤੇ ਵੋਟ ਦੇਣ ਵਾਲੇ ਮੈਂਬਰਾਂ ਦੇ ਬਹੁਮਤ ਦੁਆਰਾ ਕੀਤਾ ਜਾਵੇਗਾ ਅਤੇ ਵੋਟਾਂ ਦੀ ਬਰਾਬਰੀ ਹੋਣ ਦੀ ਸੂਰਤ ਵਿੱਚ ਚੇਅਰਪਰਸਨ ਜਾਂ ਪ੍ਰਧਾਨਗੀ ਕਰਨ ਵਾਲੇ ਵਿਅਕਤੀ ਨੂੰ ਦੂਜੀ ਜਾਂ ਨਿਰਣਾਇਕ ਵੋਟ ਪਾਉਣ ਦਾ ਅਧਿਕਾਰ ਹੋਵੇਗਾ।

(5) ਉਪ-ਧਾਰਾ (4) ਵਿੱਚ ਹੋਰਵੇਂ ਉਪਬੰਧਤ ਨੂੰ ਛੱਡ ਕੇ, ਹਰੇਕ ਮੈਂਬਰ ਦੀ ਇੱਕ ਵੋਟ ਹੋਵੇਗੀ।

(6) ਜੇਕਰ ਚੇਅਰਪਰਸਨ ਬਿਮਾਰੀ ਜਾਂ ਹੋਰ ਕਾਰਨਾਂ ਕਰਕੇ ਇਕ ਮਹੀਨੇ ਤੋਂ ਵੱਧ ਮੁੱਦਤ ਲਈ ਆਪਣੇ ਕਰਤੱਵ ਨਿਭਾਉਣ ਤੋਂ ਅਸਮੱਰਥ ਰਹਿੰਦਾ ਹੈ, ਤਾਂ ਸਰਕਾਰ ਚੇਅਰਪਰਸਨ ਦੀ ਗੈਰ-ਹਾਜ਼ਰੀ ਦੌਰਾਨ ਮੈਂਬਰਾਂ ਵਿੱਚੋਂ ਕਿਸੇ ਇੱਕ ਨੂੰ ਕਾਇਮ-ਮੁਕਾਮ ਚੇਅਰਪਰਸਨ ਵਜੋਂ ਕੰਮ ਕਰਨ ਲਈ ਨਾਮਜ਼ਦ ਕਰ ਸਕਦੀ ਹੈ।

(7) ਅਥਾਰਟੀ ਦੇ ਸਾਰੇ ਹੁਕਮ ਅਤੇ ਫ਼ੈਸਲੇ ਸਕੱਤਰ ਜਾਂ ਚੇਅਰਪਰਸਨ ਦੁਆਰਾ ਇਸ ਦੇ ਨਮਿੱਤ ਠੀਕ ਤੌਰ ਤੇ ਅਖਤਿਆਰਤ ਅਥਾਰਟੀ ਦੇ ਕਿਸੇ ਹੋਰ ਅਧਿਕਾਰੀ ਦੁਆਰਾ ਪ੍ਰਮਾਣੀਕ ਕੀਤੇ ਜਾਣਗੇ।

ਖਾਲੀ ਥਾਂ ਆਦਿ ਕਾਰਨ ਕਾਰਜ ਜਾਂ ਕਾਰਵਾਈ ਦਾ ਨਾਜਾਇਜ਼ ਨ ਹੋਣਾ ।

11. ਅਥਾਰਟੀ ਦੇ ਕਿਸੇ ਕਾਰਜ ਜਾਂ ਕਾਰਵਾਈ 'ਤੇ ਕੇਵਲ ਅਥਾਰਟੀ ਦੇ ਗਠਨ ਵਿੱਚ ਕਿਸੇ ਖ਼ਾਲੀ ਥਾਂ ਜਾਂ ਤਰੁਟੀ ਦੀ ਮੌਜੂਦਗੀ ਦੇ ਆਧਾਰ 'ਤੇ ਸਵਾਲ ਨਹੀਂ ਉਠਾਇਆ ਜਾਵੇਗਾ ਜਾਂ ਉਸਨੂੰ ਨਾਜ਼ਾਇਜ਼ ਨਹੀਂ ਠਹਿਰਾਇਆ ਜਾਵੇਗਾ।

ਸਲਾਹਕਾਰ ਕਮੇਟੀ ।

12. (1) ਸਰਕਾਰ ਦੁਆਰਾ ਅਧਿਸੂਚਿਤ ਕੀਤੀ ਜਾਣ ਵਾਲੀ ਅਥਾਰਟੀ ਦੇ ਚੇਅਰਪਰਸਨ ਦੀ ਅਗਵਾਈ ਹੇਠ ਪਾਣੀ ਵਸੀਲਿਆਂ ਤੇ ਇਕ ਸਲਾਹਕਾਰ ਕਮੇਟੀ ਹੋਵੇਗੀ, ਜੋ ਪਾਣ-ਭੌਂ-ਵਿਗਿਆਨ, ਵਾਤਾਵਰਣ, ਪਾਣੀ ਵਸੀਲੇ, ਖੇਤੀਬਾੜੀ, ਪ੍ਰਬੰਧਨ ਜਾਂ ਅਰਥ ਸ਼ਾਸ਼ਤਰ ਦੇ ਖੇਤਰਾਂ ਵਿੱਚ ਗਿਆਨ ਅਤੇ ਤਜਰਬਾ ਰੱਖਣ ਵਾਲੇ ਵੱਧ ਤੋਂ ਵੱਧ ਪੰਜ ਮਾਹਰ ਅਤੇ ਭਿੰਨ-ਭਿੰਨ ਸਰਕਾਰੀ ਵਿਭਾਗਾਂ ਤੋਂ ਵੱਧ ਤੋਂ ਵੱਧ ਦਸ ਅਹੁਦੇ-ਕਾਰਨ ਮੈਂਬਰਾਂ ਤੋਂ ਮਿਲ ਕੇ ਬਣੇਗੀ।

(2) ਅਥਾਰਟੀ ਨੀਤੀ ਦੇ ਵੱਡੇ ਪ੍ਰਸ਼ਨਾਂ 'ਤੇ ਅਤੇ ਆਮ ਜਨਤਾਂ ਜਾਂ ਪਾਣੀ ਉਪਭੋਗਤਾਵਾਂ ਦੇ ਇਕ ਵਰਗ ਨੂੰ ਜਾਰੀ ਕੀਤੇ ਜਾਣ ਵਾਲੇ ਤਜਵੀਜ਼ਤ ਵਿਨਿਯਮਤ ਨਿਰਦੇਸ਼ਾਂ ਬਾਬਤ ਸਲਾਹਕਾਰ ਕਮੇਟੀ ਨਾਲ ਮਸ਼ਵਰਾ ਕਰੇਗੀ:

ਪਰੰਤੂ ਸਲਾਹਕਾਰ ਕਮੇਟੀ ਦੀਆਂ ਸਿਫਾਰਸ਼ਾਂ ਬੰਧਨਕਾਰੀ ਨਹੀਂ ਹੋਣਗੀਆਂ ਪਰ ਅਸਹਿਮਤੀ ਦੀ ਸੂਰਤ ਵਿੱਚ, ਅਥਾਰਟੀ ਇਸਦੇ ਕਾਰਨਾਂ ਨੂੰ ਲਿਖਤੀ ਰੂਪ ਵਿੱਚ ਕਲਮਬੰਦ ਕਰੇਗੀ।

(3) ਸਲਾਹਕਾਰ ਕਮੇਟੀ ਹਰੇਕ ਛੇ ਮਹੀਨਿਆ ਵਿੱਚ ਘੱਟੋ-ਘੱਟ ਇੱਕ ਵਾਰ ਇੱਕਤਰਤਾ ਕਰੇਗੀ।

(4) ਸਲਾਹਕਾਰ ਕਮੇਟੀ ਦੇ ਅਹੁਦੇ-ਕਾਰਨ ਮੈਂਬਰ ਪਾਣੀ ਵਸੀਲਿਆਂ ਦੇ ਵਿਕਾਸ, ਪਰਿ-ਰੱਖਣ ਅਤੇ ਪ੍ਰਬੰਧਨ ਨਾਲ ਸੰਬੰਧਤ ਸਰਕਾਰ ਦੀਆਂ ਤਜਵੀਜ਼ਾਂ ਅਤੇ ਪ੍ਰੋਗਰਾਮਾਂ ਬਾਰੇ ਅਥਾਰਟੀ ਨੂੰ ਜਾਣੂ ਰੱਖੇਗੀ।

(5) ਅਥਾਰਟੀ, ਜੇ ਲੋੜਿਆ ਜਾਵੇ, ਆਪਣੇ ਵਿਚਾਰ ਅਧੀਨ ਕਿਸੇ ਵੀ ਮਾਮਲੇ 'ਤੇ ਮਾਹਰ ਬੌਡੀ ਤੋਂ ਸਲਾਹ ਲੈ ਸਕਦੀ ਹੈ ਜਾਂ ਅਥਾਰਟੀ ਦੁਆਰਾ ਨਾਮਜ਼ਦ ਕੀਤੀਆਂ ਜਾਣ ਵਾਲੀਆਂ ਮਾਹਿਰਾਂ ਦੀਆਂ ਅਜਿਹੀਆਂ ਕਮੇਟੀਆਂ ਸਥਾਪਤ ਕਰ ਸਕਦੀ ਹੈ, ਜਿਵੇਂ ਜ਼ਰੂਰੀ ਸਮਝਿਆ ਜਾਵੇ।

ਪੰਜਾਬ ਰਾਜ਼ ਪਾਣੀ ਪ੍ਰਬੰਧਨ ਅਤੇ ਵਿਕਾਸ ਪਰਿਸ਼ਦ ।

13. (1) ਸਰਕਾਰ, ਸਰਕਾਰੀ ਗਜ਼ਟ ਵਿਚ ਅਧਿਸੂਚਨਾ ਦੁਆਰਾ, ਇਸ ਐਕਟ ਦੇ ਉਦੇਸ਼ਾ ਨੂੰ ਸੌਖਾ ਬਣਾਉਣ ਲਈ ਪੰਜਾਬ ਰਾਜ ਪਾਣੀ ਪ੍ਰਬੰਧਨ ਅਤੇ ਵਿਕਾਸ ਪਰਿਸ਼ਦ ਵਜੋਂ ਜਾਣੀ ਜਾਂਦੀ ਇਕ ਪਰਸ਼ਿਦ ਦਾ ਗਠਨ ਕਰੇਗੀ।

(2) ਪਰਿਸ਼ਦ ਹੇਠ-ਲਿਖਿਆਂ ਤੋਂ ਮਿਲ ਕੇ ਬਣੇਗੀ, ਅਰਥਾਤ:-

(ੳ) ਮੁੱਖ ਮੰਤਰੀ, ਪੰਜਾਬ; : ਪ੍ਰਧਾਨ

(ਅ) ਪਾਣੀ ਵਸੀਲੇ ਮੰਤਰੀ, ਪੰਜਾਬ; : ਉਪ-ਪ੍ਰਧਾਨ

(ੲ) ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ, ਪੰਜਾਬ; : ਮੈਂਬਰ

(ਸ) ਪਾਣੀ ਪੂਰਤੀ ਅਤੇ ਸਫ਼ਾਈ ਮੰਤਰੀ, ਪੰਜਾਬ; : ਮੈਂਬਰ

(ਹ) ਸਥਾਨਕ ਸਰਕਾਰ ਮੰਤਰੀ, ਪੰਜਾਬ; : ਮੈਂਬਰ

(ਕ) ਉਦਯੋਗ ਅਤੇ ਵਣਜ ਮੰਤਰੀ, ਪੰਜਾਬ; : ਮੈਂਬਰ

(ਖ) ਪੇਂਡੂ ਵਿਕਾਸ ਅਤੇ ਪੰਚਾਇਤਾਂ ਮੰਤਰੀ, ਪੰਜਾਬ; : ਮੈਂਬਰ

(ਗ) ਵਿੱਤ ਅਤੇ ਯੋਜਨਾ ਮੰਤਰੀ, ਪੰਜਾਬ; ਅਤੇ : ਮੈਂਬਰ

(ਘ) ਕੋਈ ਹੋਰ ਮੰਤਰੀ ਜਾਂ ਅਧਿਕਾਰੀ ਜੋ ਪ੍ਰਧਾਨ ਦੁਆਰਾ ਕੋ-ਆਪਟ ਕੀਤੇ ਜਾ ਸਕਦੇ ਹਨ।

(3) ਪਰਿਸ਼ਦ ਅਜਿਹੇ ਸਮੇਂ ਅਤੇ ਸਥਾਨ 'ਤੇ ਇਕੱਤਰਤਾ ਕਰੇਗੀ, ਜਿਵੇਂ ਪ੍ਰਧਾਨ ਦੁਆਰਾ ਫ਼ੈਸਲਾ ਕੀਤਾ ਜਾਵੇ ਅਤੇ ਅਜਿਹੇ ਜਾਬਤੇ ਦੀ ਪਾਲਣਾ ਕਰੇਗੀ, ਜਿਵੇਂ ਉਲਿਖਤ ਕੀਤਾ ਜਾਵੇ।

(4) ਪਰਿਸ਼ਦ ਦੀਆਂ ਇੱਕਤਰਤਾਵਾਂ ਪਾਣੀ ਵਸੀਲੇ ਵਿਭਾਗ, ਪੰਜਾਬ ਦੁਆਰਾ ਅੱਗੇ ਵਧਾਈਆਂ ਜਾਣਗੀਆਂ ਅਤੇ ਤਾਲਮੇਲ ਰੱਖਿਆ ਜਾਵੇਗਾ।

(5) ਸਾਰੇ ਵਿਅਕਤੀਆਂ ਨੂੰ ਕਿਫਾਇਤੀ ਲਾਗਤਾਂ ਅਤੇ ਕੀਮਤਾਂ 'ਤੇ ਗੁਣਵੱਤਾ ਵਾਲਾ ਪਾਣੀ ਸਪਲਾਈ ਕਰਨ ਅਤੇ ਰਾਜ ਦੇ ਪਾਣੀ ਵਸੀਲਿਆਂ ਦੀ ਅਨੁਕੂਲਤਮ ਵਿਵੇਕਪੂਰਨ ਵਰਤੋਂ ਨੂੰ ਯਕੀਨੀ ਬਣਾਉਣ ਲਈ ਰਾਜ ਦੀਆਂ ਨੀਤੀਆਂ ਅਤੇ ਪ੍ਰੋਗਰਾਮਾਂ ਤੇ ਵਿਚਾਰ ਕਰਨ ਅਤੇ ਉਨ੍ਹਾਂ ਨੂੰ ਚਲਾਉਣ ਲਈ ਪਰਿਸ਼ਦ ਇਕ ਪ੍ਰਮੁੱਖ ਬੌਡੀ ਹੋਵੇਗੀ।

(6) ਪਰਿਸ਼ਦ ਹੇਠ-ਲਿਖੇ ਕਾਜਕਾਰ ਨਿਭਾਏਗੀ, ਅਰਥਾਤ:-

(i) ਪੰਜਾਬ ਰਾਜ ਪਾਣੀ ਨੀਤੀ ਜਾਂ ਨੀਤੀਆਂ ਨੂੰ ਪ੍ਰਵਾਨ ਕਰਨਾ, ਨਜ਼ਰਸਾਨੀ ਕਰਨਾ ਜਾਂ ਰੂਪਭੇਦ ਕਰਨਾ ਜੋ ਰਾਜ ਵਿੱਚ ਪਾਣੀ ਦੇ ਵਿਕਾਸ, ਵਰਤੋਂ, ਪਰਿ-ਰੱਖਣ ਅਤੇ ਮੁੜ ਵਰਤੋਂ ਨੂੰ ਪ੍ਰਭਾਵਿਤ ਕਰਦੀਆਂ ਹਨ;

(ii) ਸਰਕਾਰ ਦੁਆਰਾ ਤਿਆਰ ਕੀਤੀ ਜਾਣ ਵਾਲੀ ਏਕੀਕ੍ਰਿਤ ਰਾਜ ਪਾਣੀ ਯੋਜਨਾ ਨੂੰ ਪ੍ਰਵਾਨ ਕਰਨਾ, ਨਜ਼ਰਸਾਨੀ ਕਰਨਾ ਜਾਂ ਰੂਪਭੇਦ ਕਰਨਾ;

(iii) ਜੇਕਰ ਜ਼ਰੂਰੀ ਹੋਵੇ, ਤਾਂ ਸਰਕਾਰ ਦੇ ਫੈਸਲੇ ਲਈ ਅਥਾਰਟੀ ਨਾਲ ਮਸ਼ਵਰਾ ਕਰਕੇ ਖਪਤਕਾਰਾਂ ਦੀ ਇੱਕ ਸ਼੍ਰੇਣੀ ਨੂੰ ਮੁਆਵਜ਼ੇ ਦੇ ਤੌਰ ਤੇ ਵਿੱਤੀ ਸਹਾਇਤਾ ਦੀ ਸਿਫਾਰਸ਼ ਕਰਨਾ; ਅਤੇ

(iv) ਪਾਣੀ ਜਾਂ ਇਸਦੇ ਪ੍ਰਬੰਧਨ ਨਾਲ ਸਬੰਧਤ ਤੁਰੰਤ ਜਾਂ ਲੰਮੀ ਅਉਧ ਮਹੱਤਵ ਦੇ ਕਿਸੇ ਮਾਮਲੇ ਨੂੰ ਅਥਾਰਟੀ ਨੂੰ ਭੇਜਣਾ।

ਏਕੀਕ੍ਰਿਤ ਰਾਜ ਪਾਣੀ ਯੋਜਨਾ।

14. (1) ਸਰਕਾਰ ਹਰੇਕ ਬਲਾਕ ਲਈ ਤਿਆਰ ਕੀਤੀਆਂ ਗਈਆਂ ਪਾਣੀ ਯੋਜਨਾਵਾਂ ਦੇ ਆਧਾਰ ਤੇ ਇੱਕ ਏਕੀਕ੍ਰਿਤ ਰਾਜ ਪਾਣੀ ਯੋਜਨਾ ਤਿਆਰ ਕਰੇਗੀ।

(2) ਹਰੇਕ ਬਲਾਕ ਲਈ ਪਾਣੀ ਯੋਜਨਾ ਅਜਿਹੇ ਤਰੀਕੇ ਨਾਲ ਤਿਆਰ ਕੀਤੀ ਜਾਵੇਗੀ, ਜਿਵੇਂ ਮੁਕੱਰਰ ਕੀਤਾ ਜਾਵੇ ਅਤੇ ਇਹ ਮੰਗ ਅਤੇ ਸਪਲਾਈ ਅਤੇ ਭਿੰਨ-ਭਿੰਨ ਪ੍ਰਯੋਜਨਾਂ ਲਈ ਪਾਣੀ ਦੇ ਸਾਰੇ ਪਹਿਲੂਆਂ ਨੂੰ ਸ਼ਾਮਲ ਕਰੇਗੀ।

(3) ਏਕੀਕ੍ਰਿਤ ਰਾਜ ਪਾਣੀ ਯੋਜਨਾਂ ਨੂੰ ਪਰਿਸ਼ਦ ਦੇ ਸਾਹਮਣੇ ਰੱਖਿਆ ਜਾਵੇਗਾ, ਜੋ ਇਸਨੂੰ ਪੇਸ਼ ਕਰਨ ਦੀ ਤਰੀਕ ਤੋਂ ਛੇ ਮਹੀਨਿਆਂ ਦੀ ਮੁਦੱਤ ਦੇ ਅੰਦਰ, ਅਜਿਹੇ ਰੂਪਭੇਦਾਂ ਨਾਲ ਜੋ ਜ਼ਰੂਰੀ ਸਮਝੇ, ਪ੍ਰਵਾਨ ਕਰ ਸਕੇਗੀ।

(4) ਏਕੀਕ੍ਰਿਤ ਰਾਜ ਪਾਣੀ ਯੋਜਨਾਂ ਦੀ ਪਰਿਸ਼ਦ ਦੁਆਰਾ ਇਸਦੀ ਪ੍ਰਵਾਨਗੀ ਦੀ ਤਰੀਕ ਤੋਂ ਹਰੇਕ ਤਿੰਨ ਸਾਲਾਂ ਪਿੱਛੋਂ ਨਜ਼ਰਸਾਨੀ ਕੀਤੀ ਜਾ ਸਕੇਗੀ।

(5) ਏਕੀਕ੍ਰਿਤ ਰਾਜ ਪਾਣੀ ਯੋਜਨਾ ਦੇ ਪ੍ਰਯੋਜਨ ਲਈ, ਸਰਕਾਰ ਜ਼ਮੀਨ ਹੇਠਲੇ ਪਾਣੀ ਦੇ ਵਿਕਾਸ ਦੇ ਪੜਾਓ, ਜਮੀਨ ਹੇਠਲੇ ਪਾਣੀ ਦਾ ਪੱਧਰ ਘੱਟਣ ਦੀ ਪ੍ਰਵਿਰਤੀ, ਪਾਣੀ ਸਾਰਣੀ ਦਾ ਪੱਧਰ, ਜਮੀਨ ਹੇਠਲੇ ਪਾਣੀ ਦੀ ਗੁਣਵੱਤਾ, ਸਤਹ ਪਾਣੀ ਦੀ ਉਪਲੱਬਧਤਾ ਜਾਂ ਹੋਰ ਸੁਸੰਗਤ ਮਾਨਦੰਡਾਂ ਦੇ ਆਧਾਰ ਤੇ ਰਾਜ ਨੂੰ ਵੱਖ-ਵੱਖ ਸ਼੍ਰੇਣੀਆਂ ਵਿੱਚ ਵੰਡ ਸਕੇਗੀ, ਜਿਵੇਂ ਕਿ ਇਹ ਸਥਾਨਕ ਸ਼ਰਤਾ ਦੀ ਦ੍ਰਿਸ਼ਟੀ ਤੋਂ ਉਚਿਤ ਸਮਝੇ:

ਪਰੰਤੂ ਸ਼੍ਰੇਣੀਕਰਨ ਉਦੋਂ ਤੱਕ ਪ੍ਰਭਾਵੀ ਨਹੀਂ ਹੋਵੇਗਾ ਜਦੋਂ ਤੱਕ ਇਸ ਬਾਬਤ ਇਕ ਨੋਟਿਸ ਘੱਟੋ-ਘੱਟ ਦੋ ਅਖਬਾਰਾਂ ਵਿਚ ਪ੍ਰਕਾਸ਼ਤ ਨਹੀਂ ਕੀਤਾ ਜਾਂਦਾ, ਜਿਸ ਵਿੱਚ ਰਾਜ ਵਿੱਚ ਵਿਆਪਕ ਪਰਿਚਾਲਣ ਵਾਲਾ ਘੱਟੋ-ਘੱਟ ਇੱਕ ਰੋਜ਼ਾਨਾ ਖੇਤਰੀ ਭਾਸ਼ਾ ਦਾ ਅਖਬਾਰ ਸ਼ਾਮਲ ਹੈ।

(6) ਕੋਈ ਵੀ ਵਿਅਕਤੀ ਸ਼੍ਰੇਣੀਕਰਨ ਦੇ ਵਿਰੁੱਧ, ਇਸਦੇ ਪ੍ਰਕਾਸ਼ਨ ਦੀ ਤਰੀਕ ਤੋਂ ਇੱਕ ਮਹੀਨੇ ਦੇ ਅੰਦਰ, ਅਜਿਹੀ ਫੀਸ ਦੇ ਨਾਲ, ਜੋ ਉਲਿਖਤ ਕੀਤੀ ਜਾਵੇ, ਲਿਖਤੀ ਇਤਰਾਜ਼ ਦਾਇਰ ਕਰ ਸਕਦਾ ਹੈ।

(7) ਸਰਕਾਰ ਦੋਂ ਮਹੀਨਿਆਂ ਦੀ ਮੁਦੱਤ ਅੰਦਰ, ਤਜਵੀਜ਼ ਕੀਤੇ ਸ਼੍ਰੇਣੀਕਰਨ ਦੇ ਵਿਰੁੱਧ ਪ੍ਰਾਪਤ ਹੋਏ ਸਾਰੇ ਇਤਰਾਜਾਂ 'ਤੇ ਵਿਚਾਰ ਕਰੇਗੀ ਅਤੇ ਉਨ੍ਹਾਂ ਦਾ ਨਿਪਟਾਰਾ ਕਰੇਗੀ ਅਤੇ ਖੇਤਰਾਂ ਦੇ ਅੰਤਿਮ ਸ਼੍ਰੇਣੀਕਰਨ ਨੂੰ ਅਜਿਹੀ ਤਰੀਕ ਤੋਂ ਅਧਿਸੂਚਿਤ ਕਰੇਗੀ, ਜੋ ਇਹ ਉਚਿਤ ਸਮਝੇ।

ਨਿਰਦੇਸ਼ ਜਾਰੀ ਕਰਨ ਅਤੇ ਪਾਬੰਦੀਆਂ ਅਰੋਪਣ ਦੀਆਂ ਸ਼ਕਤੀਆਂ ।

15. (1) ਅਥਾਰਟੀ, ਏਕ੍ਰੀਕ੍ਰਿਤ ਰਾਜ ਪਾਣੀ ਯੋਜਨਾ ਦੀ ਅਨੁਸਾਰਤਾ ਵਿੱਚ ਰਾਜ ਦੇ ਪਾਣੀ ਵਸੀਲਿਆ ਦੇ ਵਿਕਾਸ, ਪ੍ਰਬੰਧਨ ਅਤੇ ਪਰਿ-ਰੱਖਣ ਨੂੰ ਯਕੀਨੀ ਬਣਾਏਗੀ।

(2) ਅਥਾਰਟੀ ਪਾਣੀ ਦੇ ਵਿਕਾਸ, ਪ੍ਰਬੰਧਨ, ਜਾਂ ਵਰਤੋਂ ਬਾਬਤ ਨਿਰਦੇਸ਼ ਜਾਰੀ ਕਰ ਸਕੇਗੀ ਜਿਸ ਵਿੱਚ ਹੇਠ-ਲਿਖੇ ਸ਼ਾਮਲ ਹੋ ਸਕਦੇ ਹਨ, ਅਰਥਾਤ:-

(i) ਊਰਜਾਵਾਨ ਸਾਧਨਾਂ ਰਾਹੀਂ ਜ਼ਮੀਨ ਹੇਠਲਾ ਪਾਣੀ ਕੱਢਣ ਲਈ ਕਿਸੇ ਵੀ ਨਵੇਂ ਢਾਂਚੇ ਦੀ ਉਸਾਰੀ ਅਤੇ ਸੰਸਥਾਪਨਾ;

(ii) ਸ਼ਰਤਾਂ ਜਿਨ੍ਹਾਂ ਦੇ ਤਾਬੇ ਕਿਸੇ ਵੀ ਨਵੇਂ ਜਾਂ ਮੌਜੂਦਾ ਪਾਣੀ ਕੱਢਣ ਵਾਲੇ ਢਾਂਚਿਆਂ ਦੀ ਉਸਾਰੀ ਜਾਂ ਸੰਸਥਾਪਨਾ ਦੀ ਆਗਿਆ ਦਿੱਤੀ ਜਾ ਸਕਦੀ ਹੋਵੇ;

(iii) ਮੌਜੂਦਾ ਪਾਣੀ ਕੱਢਣ ਵਾਲੇ ਢਾਂਚਿਆਂ ਦੇ ਸੰਚਾਲਣ ਅਤੇ ਉਨ੍ਹਾਂ ਦੀ ਮੁੜ ਸੰਸਥਾਪਨਾ ਲਈ ਸ਼ਰਤਾਂ;

(iv) ਜ਼ਮੀਨ ਹੇਠਲੇ ਪਾਣੀ ਦੀ ਵਰਤੋਂ 'ਤੇ ਪਾਬੰਦੀਆਂ;

(v) ਜ਼ਮੀਨ ਹੇਠਲੇ ਪਾਣੀ ਦੀ ਗੁਣਵੱਤਾ ਅਤੇ ਪੱਧਰ ਨੂੰ ਮਾਪਣ ਲਈ ਅਤੇ ਜ਼ਮੀਨ ਹੇਠਲਾ ਪਾਣੀ ਕੱਢਣ ਦੀ ਮਾਤਰਾ ਦੇ ਆਇਤਨ ਮਾਪ ਲਈ ਯੰਤਰਾਂ ਦੀ ਸੰਸਥਾਪਨਾ ਅਤੇ ਸਾਂਭ ਸੰਭਾਲ;

(vi) ਉਹਨਾਂ ਖੇਤਰਾਂ ਨੂੰ ਉਲਿਖਤ ਕਰਨਾ ਜਿਨ੍ਹਾਂ ਵਿੱਚ ਜਮੀਨ ਹੇਠਲੇ ਪਾਣੀ ਦੀ ਵਰਤੋਂ ਕਰਨ ਵਾਲਾ ਇੱਕ ਉਦਯੋਗਿਕ ਸੰਚਾਲਣ ਜਾਂ ਅਮਲ ਜਾਂ ਉਦਯੋਗਕ ਸੰਚਾਲਣਾਂ ਜਾਂ ਅਮਲਾਂ ਦੀ ਸ਼੍ਰੇਣੀ ਸਿਰੇ ਨਹੀਂ ਚਾੜ੍ਹੀ ਜਾਵੇਗੀ ਜਾਂ ਕੁਝ ਸ਼ਰਤਾਂ ਅਤੇ ਸੁਰੱਖਿਆਵਾਂ ਦੇ ਤਾਬੇ ਸਿਰੇ ਚਾੜ੍ਹੀ ਜਾਵੇਗੀ;

(vii) ਸਿੰਚਾਈ, ਉਦਯੋਗਿਕ ਜਾਂ ਘਰੇਲੂ ਵਰਤੋਂ ਲਈ ਸਤ੍ਹਾ ਦੇ ਪਾਣੀ ਦੀ ਅਨੁਕੂਲਤਮ ਵਰਤੋਂ;

(viii) ਪਾਣੀ ਦੀ ਕਾਰਜ ਕੁਸ਼ਲ ਵਰਤੋਂ ਅਤੇ ਪਾਣੀ ਦੀ ਬਰਬਾਦੀ ਜਾਂ ਕੁਵਰਤੋਂ ਨੂੰ ਘੱਟ ਕਰਨਾ ਅਤੇ ਪਾਣੀ ਦੇ ਪੁਨਰ ਆਵਰਤਨ ਅਤੇ ਮੁੜ ਵਰਤੋਂ ਨੂੰ ਉਤਸ਼ਾਹਿਤ ਕਰਨਾ;

(ix) ਪਾਣੀ ਦਾ ਪਰਿ-ਰੱਖਣ ਅਤੇ ਜ਼ਮੀਨ ਹੇਠਲੇ ਪਾਣੀ ਦੀ ਮੁੜ-ਭਰਾਈ ਸਮੇਤ ਮੀਂਹ ਦੇ ਪਾਣੀ ਦੀ ਸੰਭਾਲ;

(x) ਅਥਾਰਟੀ ਜਾਂ ਅਜਿਹੀ ਹਸਤੀ ਜਿਵੇਂ ਅਥਾਰਟੀ ਦੁਆਰਾ ਅਨੁਬੰਧਿਤ ਕੀਤਾ ਜਾਵੇ, ਕੋਲ ਰਜਿਸਟਰੀਕਰਨ ਕੀਤੇ ਬਿਨ੍ਹਾਂ ਜ਼ਮੀਨ ਹੇਠਲਾ ਪਾਣੀ ਕੱਢਣ ਲਈ ਖੂਹਾਂ ਦਾ ਵਰਸਾਉਣਾ ਜਾਂ ਖੁਦਾਈ ਕਰਨਾ;

(xi) ਜ਼ਮੀਨ ਹੇਠਲਾ ਪਾਣੀ ਕੱਢਣ ਵਾਲੇ ਉਪਭੋਗਤਾਵਾਂ ਨੂੰ ਇੱਕ ਦਿੱਤੀ ਮੁੱਦਤ ਦੇ ਅੰਦਰ ਅਥਾਰਟੀ ਜਾਂ ਅਜਿਹੀ ਹਸਤੀ, ਜਿਵੇਂ ਅਥਾਰਟੀ ਦੁਆਰਾ ਅਨੁਬੰਧਿਤ ਕੀਤੀ ਜਾਵੇ, ਕੋਲ ਨਿਕਾਸੀ ਢਾਂਚਾ ਰਜਿਸਟਰਸ਼ੁਦਾ ਕਰਨਾ; ਅਤੇ

(xii) ਕੋਈ ਹੋਰ ਨਿਰਦੇਸ਼, ਜੋ ਇਸ ਐਕਟ ਦੇ ਉਦੇਸ਼ਾਂ ਨੂੰ ਪ੍ਰਾਪਤ ਕਰਨ ਲਈ ਜ਼ਰੂਰੀ ਸਮਝੇ ਜਾਣ:

ਪਰੰਤੂ ਪੀਣ ਅਤੇ ਘਰੇਲੂ ਵਰਤੋਂ ਲਈ ਪਾਣੀ ਕੱਢਣ ਲਈ ਕੋਈ ਨਿਰਦੇਸ਼ ਜਾਰੀ ਨਹੀਂ ਕੀਤੇ ਜਾਣਗੇ।

(3) ਉਪ-ਧਾਰਾ (2) ਦੇ ਅਧੀਨ ਅਥਾਰਟੀ ਦੁਆਰਾ ਜਾਰੀ ਕੀਤਾ ਗਿਆ ਕੋਈ ਨਿਰਦੇਸ਼ ਉਦੋਂ ਤੱਕ ਨਾਫਜ਼ ਨਹੀਂ ਹੋਵੇਗਾ ਜਦ ਤੱਕ ਇਸ ਬਾਬਤ ਇਕ ਨੋਟਿਸ ਘੱਟੋ-ਘੱਟ ਦੋ ਅਖਬਾਰਾਂ ਵਿਚ ਪ੍ਰਕਾਸ਼ਤ ਨਹੀਂ ਕੀਤਾ ਜਾਂਦਾ, ਜਿਸ ਵਿੱਚ ਰਾਜ ਵਿੱਚ ਵਿਆਪਕ ਪਰਿਚਾਲਣ ਵਾਲਾ ਘੱਟੋ-ਘੱਟ ਇਕ ਰੋਜਾਨਾ ਖੇਤਰੀ ਭਾਸ਼ਾ ਦਾ ਅਖਬਾਰ ਸ਼ਾਮਲ ਹੈ।

(4) ਕੋਈ ਵੀ ਵਿਅਕਤੀ ਤਜਵੀਜ ਕੀਤੇ ਨਿਰਦੇਸ਼ ਦੇ ਵਿਰੁੱਧ ਇਸਦੇ ਪ੍ਰਕਾਸ਼ਨ ਦੀ ਤਰੀਕ ਤੋਂ ਇੱਕ ਮਹੀਨੇ ਦੇ ਅੰਦਰ ਅਜਿਹੀ ਫ਼ੀਸ ਦੇ ਨਾਲ ਜੋ ਉਲਿਖਤ ਕੀਤੀ ਜਾਵੇ, ਲਿਖਤੀ ਇਤਰਾਜ਼ ਦਾਇਰ ਕਰ ਸਕਦਾ ਹੈ।

(5) ਅਥਾਰਟੀ ਅਜਿਹੇ ਨਿਰਦੇਸ਼ਾਂ ਵਿਰੁੱਧ ਪ੍ਰਾਪਤ ਹੋਵੇ ਸਾਰੇ ਇਤਰਾਜਾਂ 'ਤੇ ਸ਼ੀਘਰਤਾ ਨਾਲ ਵਿਚਾਰ ਕਰੇਗੀ ਅਤੇ ਉਨ੍ਹਾਂ ਦਾ ਨਿਪਟਾਰਾ ਕਰੇਗੀ ਅਤੇ ਅੰਤਿਮ ਨਿਰਦੇਸ਼ਾਂ ਨੂੰ ਅਜਿਹੀ ਤਰੀਕ 'ਤੇ ਅਧਿਸੂਚਿਤ ਕਰੇਗੀ, ਜਿਵੇਂ ਉਹ ਠੀਕ ਸਮਝੇ।

(6) ਜਿੱਥੇ ਅਥਾਰਟੀ ਦੁਆਰਾ ਕਿਸੇ ਖਾਸ ਵਿਅਕਤੀ ਨੂੰ ਨਿਰਦੇਸ਼ ਜਾਰੀ ਕੀਤਾ ਜਾਂਦਾ ਹੈ, ਤਾਂ ਅਜਿਹਾ ਵਿਅਕਤੀ ਅਥਾਰਟੀ ਦੇ ਅਜਿਹੇ ਨਿਰਦੇਸ਼ ਨੂੰ ਅਜਿਹੇ ਸਮੇਂ ਅੰਦਰ ਅਮਲੀ ਰੂਪ ਦੇਣ ਲਈ ਪਾਬੰਦ ਹੋਵੇਗਾ, ਜਿਵੇਂ ਅਥਾਰਟੀ ਦੁਆਰਾ ਅਨੁਬੰਧਤ ਕੀਤਾ ਜਾਵੇ:

ਪਰੰਤੂ ਕਿਸੇ ਖਾਸ ਵਿਅਕਤੀ ਨੂੰ ਕੋਈ ਨਿਰਦੇਸ਼ ਜਾਰੀ ਕਰਨ ਤੋਂ ਪਹਿਲਾਂ, ਅਥਾਰਟੀ ਉਸਨੂੰ ਘੱਟੋ-ਘੱਟ ਪੰਦਰਾਂ ਦਿਨਾਂ ਦੇ ਨੋਟਿਸ ਤੋਂ ਬਾਅਦ ਸੁਣਵਾਈ ਦਾ ਮੌਕਾ ਦੇਵੇਗੀ।

(7) ਅਥਾਰਟੀ ਸਮੇਂ-ਸਮੇਂ 'ਤੇ ਪਾਣੀ ਦੇ ਵਿਕਾਸ, ਪ੍ਰਬੰਧਨ ਅਤੇ ਪਰਿ-ਰੱਖਣ ਲਈ ਨੀਤੀਆਂ ਅਤੇ ਪ੍ਰੋਗਰਾਮਾਂ ਦੇ ਬਾਬਤ ਸਰਕਾਰ ਨੂੰ ਸਲਾਹਾਂ ਜਾਰੀ ਕਰ ਸਕੇਗੀ। ਇਹਨਾਂ ਵਿੱਚ ਹੇਠ-ਲਿਖਿਆਂ ਬਾਬਤ ਸਲਾਹਾਂ ਸ਼ਾਮਲ ਹੋ ਸਕਦੀਆਂ ਹਨ, ਅਰਥਾਤ:-

(i) ਰਾਜ ਅੰਦਰ ਪਾਣੀ ਦੀ ਆਧਾਰਕ ਬਣਤਰ ਅਤੇ ਨਿਕਾਸੀ ਪ੍ਰਣਾਲੀਆਂ ਦਾ ਸਿੱਧ ਹੋਣ ਯੋਗ ਸੰਚਾਲਣ ਅਤੇ ਸਾਂਭ-ਸੰਭਾਲ;

(ii) ਸਤਹੀ ਵਹਾਅ ਦੀ ਵਰਤੋਂ ਅਤੇ ਸਟੋਰ ਕਰਨ;

(iii) ਰਾਜ ਵਿੱਚ ਸਿਰਜੀ ਸਿੰਚਾਈ ਸੰਭਾਵਨਾ ਦੀ ਅਨੁਕੂਲਤਮ ਵਰਤੋਂ;

(iv) ਵੱਖ-ਵੱਖ ਪ੍ਰਯੋਜਨਾਂ ਲਈ ਨਹਿਰੀ ਪਾਣੀ ਦੀ ਵਰਤੋਂ ਲਈ ਤਰਜੀਹਾਂ ਨਿਯਤ ਕਰਨਾ;

(v) ਪਾਣੀ ਖੇਤਰ ਵਿਚ ਨਵੀਨਤਮ ਤਕਨਾਲੋਜੀਆਂ ਨੂੰ ਅਪਣਾਉਣਾ;

(vi) ਪਾਣੀ ਪਰਿ-ਰੱਖਣ ਜਾਗਰੂਕਤਾ ਨੂੰ ਉਤਸ਼ਾਹਤ ਕਰਨਾ;

(vii) ਪਾਣੀ ਦੇ ਦੂਸ਼ਤ ਹੋਣ ਦੀ ਸੂਹ ਲਗਾਉਣਾ ਅਤੇ ਰੋਕਥਾਮ; ਅਤੇ

(viii) ਖੇਤੀਬਾੜੀ ਅਤੇ ਹੋਰ ਖੇਤਰਾਂ ਵਿਚ ਪਾਣੀ ਦੀ ਕੁਸ਼ਲਤਾ ਵਧਾਉਣਾ।

(8) ਅਥਾਰਟੀ ਸਲਾਹਕਾਰ ਕਮੇਟੀ ਨਾਲ ਸੋਚ ਵਿਚਾਰ ਪਿੱਛੋਂ ਪਾਣੀ ਅਤੇ ਇਸਦੇ ਪ੍ਰਬੰਧਨ ਬਾਰੇ ਲੋਕ ਜਾਗਰੂਕਤਾ ਪੈਦਾ ਕਰਨ ਲਈ ਵਿਗਿਆਨਕ ਡਾਟਾ ਅਤੇ ਜਾਣਕਾਰੀ ਦੇਣ ਲਈ ਅਜਿਹੀਆਂ ਰਿਪੋਟਾਂ ਪ੍ਰਕਾਸ਼ਤ ਕਰ ਸਕਦੀ ਹੈ ਜਾਂ ਪ੍ਰਕਾਸ਼ਤ ਕਰਵਾ ਸਕਦੀ ਹੈ।

ਜ਼ਮੀਨ ਹੇਠਲੇ ਪਾਣੀ ਕੱਢਣ 'ਤੇ ਪਾਬੰਦੀ ਲਗਾਉਣ ਤੋਂ ਛੋਟ।

16. ਇਸ ਐਕਟ ਦੀਆਂ ਧਾਰਾਵਾਂ 14 ਅਤੇ 15 ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਅਥਾਰਟੀ ਪੀਣ ਵਾਲੇ ਜਾਂ ਘਰੇਲੂ ਵਰਤੋਂ ਲਈ ਜ਼ਮੀਨ ਹੇਠਲੇ ਪਾਣੀ ਕੱਢਣ 'ਤੇ ਕੋਈ ਪਾਬੰਦੀ ਨਹੀਂ ਲਗਾਏਗੀ।

17. (1) ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਬਣਾਏ ਗਏ ਕਿਸੇ ਹੋਰ ਕਾਨੂੰਨ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਅਥਾਰਟੀ ਸਮੇਂ-ਸਮੇਂ ਤੇ ਅਤੇ ਅਜਿਹੇ ਵਕਫ਼ਿਆ 'ਤੇ, ਜੋ ਮੁਕੱਰਰ ਕੀਤੇ ਜਾਣ, ਵਣਜਕ ਜਾਂ ਉਦਯੋਗਿਕ ਵਰਤੋਂ ਲਈ ਪਾਣੀ ਦੀ ਸਪਲਾਈ ਕਰਨ ਵਾਲੀਆਂ ਹਸਤੀਆਂ ਦੁਆਰਾ ਲਗਾਏ ਜਾਣ ਵਾਲੇ ਖਰਚਿਆਂ ਨੂੰ ਉਲਿਖਤ ਕਰਦੇ ਹੋਏ, ਟੈਰਿਫ ਹੁਕਮ ਜਾਰੀ ਕਰੇਗੀ: ਪਾਣੀ ਦੇ ਪ੍ਰਬੰਧਨ ਅਤੇ ਸਪਲਾਈ ਲਈ ਟੈਰਿਫ਼ ।

ਪਰੰਤੂ, ਹਾਲਾਂ ਕਿ, ਪੀਣ ਵਾਲੇ, ਘਰੇਲੂ ਅਤੇ ਖੇਤੀਬਾੜੀ ਦੇ ਪ੍ਰਯੋਜਨਾਂ ਲਈ ਹਸਤੀਆਂ ਦੁਆਰਾ ਪਾਣੀ ਦੀ ਸਪਲਾਈ ਦੇ ਖਰਚੇ ਸਮੇ-ਸਮੇਂ ਤੇ ਅਧਿਸੂਚਤ ਸਰਕਾਰ ਦੀ ਨੀਤੀ ਦੇ ਅਨੁਸਾਰ ਹੋਣਗੇ।

(2) ਅਥਾਰਟੀ ਦੁਆਰਾ ਜਾਰੀ ਕੀਤਾ ਟੈਰਿਫ ਹੁਕਮ ਸੰਬੰਧਤ ਹਸਤੀਆਂ ਦੁਆਰਾ ਅਥਾਰਟੀ ਦੁਆਰਾ ਅਨੁਬੰਧਤ ਸਮੇਂ ਦੇ ਅੰਦਰ ਠੀਕ ਤੌਰ 'ਤੇ ਪਰਿਪਾਲਣ ਕੀਤਾ ਜਾਵੇਗਾ।

(3) ਅਥਾਰਟੀ ਵਰਤੋਂ ਦੀ ਸ਼੍ਰੇਣੀ, ਮੁਕਾਮ, ਉਪਭੋਗਤਾਵਾਂ ਦੀ ਸ਼੍ਰੇਣੀ ਜਾਂ ਹੋਰ ਸੁਸੰਗਤ ਕਾਰਕਾਂ ਦੇ ਆਧਾਰ 'ਤੇ ਵੱਖ-ਵੱਖ ਟੈਰਿਫ ਨਿਯਤ ਕਰ ਸਕਦੀ ਹੈ, ਜਿਵੇਂ ਅਥਾਰਟੀ ਉਚਿਤ ਸਮਝੇ।

(4) ਅਥਾਰਟੀ ਦੁਆਰਾ ਟੈਰਿਫ ਅਜਿਹੇ ਢੰਗ ਨਾਲ ਨਿਰਧਾਰਤ ਕੀਤਾ ਜਾਵੇਗਾ, ਜਿਵੇਂ ਮੁਕੱਰਰ ਕੀਤਾ ਜਾਵੇ, ਅਤੇ ਇਹ ਸੰਜਮਤਾ, ਕਾਰਜ ਕੁਸ਼ਲਤਾ, ਸਮਤਾ ਅਤੇ ਸਿੱਧ-ਯੋਗਤਾ ਦੇ ਸਿਧਾਂਤਾਂ 'ਤੇ ਆਧਾਰਤ ਹੋਵੇਗਾ। ਜਿਥੋ ਤੱਕ ਸੰਭਵ ਹੋ ਸਕੇ, ਟੈਰਿਫ ਪਾਣੀ ਦੀ ਖਪਤ ਦੇ ਆਇਤਨ ਮਾਪ 'ਤੇ ਆਧਾਰਤ ਹੋਵੇਗਾ ਅਤੇ ਇਸਦੀ ਵਰਤੋਂ ਵਿੱਚ ਸੰਜਮਤਾ ਨੂੰ ਯਕੀਨੀ ਬਣਾਉਣ ਲਈ ਤਿਆਰ ਕੀਤਾ ਜਾਵੇਗਾ।

(5) ਅਥਾਰਟੀ ਸਰਕਾਰ ਦੀ ਪ੍ਰਵਾਨਗੀ ਨਾਲ, ਕਿਸੇ ਵਿਅਕਤੀ ਦੁਆਰਾ ਜ਼ਮੀਨ ਹੇਠਲਾ ਪਾਣੀ ਕੱਢਣ ਲਈ ਖਰਚੇ ਨਿਯਤ ਕਰ ਸਕਦੀ ਹੈ ਪਰ ਉਨ੍ਹਾਂ ਟੱਬਰਾਂ 'ਤੇ ਕੋਈ ਖਰਚੇ ਨਹੀਂ ਲਗਾਏ ਜਾਣਗੇ ਜੋ ਗੈਰ-ਊਰਜਾ ਵਾਲੇ ਸਾਧਨਾਂ ਰਾਹੀਂ ਜਾਂ ਘਰ ਵਿੱਚ ਇਕਹਿਰੇ ਟਿਊਬਵੈੱਲ ਤੋਂ 2 ਹਾਰਸ ਪਾਵਰ ਤੱਕ ਦੇ ਪੰਪ ਰਾਹੀਂ ਆਪਣੇ ਪੀਣ ਲਈ ਅਤੇ ਘਰੇਲੂ ਪ੍ਰਯੋਜਨ ਪਾਣੀ ਕੱਢ ਰਹੇ ਹਨ ਜਿੱਥੇ ਸਾਂਝੇ ਪਾਈਪ ਵਾਲੇ ਪਾਣੀ ਦੀ ਸਪਲਾਈ ਉਪਲੱਬਧ ਨਹੀਂ ਹੈ।

(6) ਟੈਰਿਫ ਨਿਯਤ ਕਰਦੇ ਸਮੇਂ, ਰਾਜ ਦੀ ਜਨਸੰਖਿਆ ਦੇ ਅਲਾਭਕਾਰੀ ਅਤੇ ਆਰਥਿਕ ਤੌਰ ਤੇ ਕਮਜ਼ੋਰ ਵਰਗਾਂ ਦੀ ਵਿਸ਼ੇਸ਼ ਜ਼ਰੂਰਤ ਠੀਕ ਤੌਰ 'ਤੇ ਵਿਚਾਰੀ ਜਾਵੇਗੀ ਅਤੇ ਇਸ ਨਮਿੱਤ ਸਰਕਾਰ ਦੀ ਨੀਤੀ ਦੀ ਪਾਲਣਾ ਕੀਤੀ ਜਾ ਸਕੇਗੀ।

18. (1) ਧਾਰਾ 17 ਦੇ ਅਧੀਨ ਟੈਰਿਫ ਨਿਰਧਾਰਣ ਲਈ ਇਕ ਦਰਖਾਸਤ ਪਾਣੀ ਦੀ ਸਪਲਾਈ ਕਰਨ ਲਈ ਹਸਤੀ ਦੁਆਰਾ ਅਥਾਰਟੀ ਨੂੰ ਅਜਿਹੇ ਰੂਪ ਅਤੇ ਢੰਗ ਨਾਲ ਅਤੇ ਅਜਿਹੀ ਮੁਦੱਤ ਦੇ ਅੰਦਰ ਦਿੱਤੀ ਜਾਵੇਗੀ, ਜਿਵੇਂ ਅਥਾਰਟੀ ਦੁਆਰਾ ਅਨੁਬੰਧਤ ਕੀਤੀ ਜਾਵੇ। ਟੈਰਿਫ਼ ਹੁਕਮ ਲਈ ਜਾਬਤਾ ।

(2) ਦਰਖਾਸਤ ਦੇ ਨਾਲ ਅਜਿਹੀ ਫੀਸ ਦਿੱਤੀ ਜਾਵੇਗੀ, ਜੋ ਅਥਾਰਟੀ ਦੁਆਰਾ ਅਨੁਬੰਧਤ ਕੀਤੀ ਜਾਵੇ।

(3) ਅਥਾਰਟੀ ਦਰਖ਼ਾਸਤ ਦੀ ਪ੍ਰਾਰੰਭਕ ਛਾਣ-ਬੀਣ ਇਹ ਪੜਤਾਲ ਕਰਨ ਲਈ ਕਰੇਗੀ ਕਿ ਕੀ ਦਰਖ਼ਾਸਤ ਮੁਕੰਮਲ ਹੈ ਅਤੇ ਉਸ ਰੂਪ ਅਤੇ ਢੰਗ ਵਿਚ ਹੈ ਜਿਵੇਂ ਅਥਾਰਟੀ ਦੁਆਰਾ ਅਨੁਬੰਧਤ ਕੀਤਾ ਗਿਆ ਹੈ।

(4) ਅਥਾਰਟੀ ਨੂੰ ਪਤਾ ਲੱਗਣ ਦੀ ਸੂਰਤ ਵਿੱਚ ਕਿ ਦਰਖ਼ਾਸਤ ਵਿਚ ਕਿਸੇ ਰੂਪਭੇਦਾਂ ਦੀ ਲੋੜ ਹੈ, ਤਾਂ ਹਸਤੀ ਅਜਿਹੇ ਰੂਪਭੇਦ ਕਰੇਗੀ ਅਤੇ ਦਰਖ਼ਾਸਤ ਅਥਾਰਟੀ ਨੂੰ ਅਜਿਹੇ ਸਮੇਂ ਦੇ ਅੰਦਰ ਮੁੜ ਪੇਸ਼ ਕਰੇਗੀ ਜਿਵੇਂ ਅਥਾਰਟੀ ਦੁਆਰਾ ਅਨੁਬੰਧਤ ਕੀਤਾ ਜਾਵੇ।

(5) ਹਸਤੀ ਦਰਖ਼ਾਸਤ ਨੂੰ ਅਜਿਹੇ ਸੰਖੇਪ ਰੂਪ ਅਤੇ ਤਰੀਕੇ ਨਾਲ ਜਿਵੇਂ ਅਥਾਰਟੀ ਦੁਆਰਾ ਅਨੁਬੰਧਤ ਕੀਤਾ ਜਾਵੇ, ਘੱਟੋ-ਘੱਟ ਦੋ ਅਖਬਾਰਾਂ ਵਿੱਚ ਪ੍ਰਕਾਸ਼ਤ ਕਰੇਗੀ, ਜਿਸ ਵਿੱਚ ਰਾਜ ਵਿੱਚ ਵਿਆਪਕ ਪਰਿਚਾਲਣ ਵਾਲਾ ਘੱਟੋ-ਘੱਟ ਇੱਕ ਰੋਜ਼ਾਨਾ ਖੇਤਰੀ ਭਾਸ਼ਾ ਦਾ ਅਖਬਾਰ ਸ਼ਾਮਲ ਹੈ।

(6) ਦਰਖ਼ਾਸਤ ਦੇ ਪ੍ਰਕਾਸ਼ਨ ਤੋਂ ਬਾਅਦ, ਲੋਕ ਅਥਾਰਟੀ ਦੇ ਸਾਹਮਣੇ ਅਜਿਹੇ ਢੰਗ ਨਾਲ ਅਜਿਹੇ ਸਮੇਂ ਅੰਦਰ ਇਤਰਾਜ਼ ਦਾਇਰ ਕਰ ਸਕਦੇ ਹਨ, ਜਿਵੇਂ ਅਥਾਰਟੀ ਦੁਆਰਾ ਅਨੁਬੰਧਤ ਕੀਤਾ ਜਾਵੇ।

(7) ਉਪ-ਧਾਰਾ (1) ਅਧੀਨ ਦਰਖ਼ਾਸਤ ਅਤੇ ਉਪ-ਧਾਰਾ (6) ਅਧੀਨ ਇਸ ਦੁਆਰਾ ਪ੍ਰਾਪਤ ਇਤਰਾਜ਼ਾਂ 'ਤੇ ਵਿਚਾਰ ਕਰਨ ਤੋਂ ਬਾਅਦ, ਅਥਾਰਟੀ, ਅਜਿਹੇ ਸਮੇਂ ਅੰਦਰ, ਜਿਵੇਂ ਵਿਨਿਯਮਾਂ ਦੁਆਰਾ ਉਪਬੰਧਤ ਕੀਤਾ ਜਾਵੇ-

(ੳ) ਦਰਖ਼ਾਸਤ ਨੂੰ ਅਜਿਹੇ ਰੂਪਭੇਦਾਂ ਜਾਂ ਅਜਿਹੀਆਂ ਸ਼ਰਤਾਂ ਨਾਲ ਸਵੀਕਾਰ ਕਰਦੇ ਹੋਏ ਟੈਰਿਫ ਹੁਕਮ ਜਾਰੀ ਕਰੇਗੀ, ਜੋ ਅਥਾਰਟੀ ਦੁਆਰਾ ਮੁਨਾਸਬ ਸਮਝੀਆਂ ਜਾਣ; ਜਾਂ

(ਅ) ਦਰਖ਼ਾਸਤ ਨੂੰ ਲਿਖਤੀ ਰੂਪ ਵਿੱਚ ਕਲਮਬੰਦ ਕੀਤੇ ਕਾਰਨਾਂ ਕਰਕੇ ਨਾ ਮਨਜ਼ੂਰ ਕਰੇਗੀ ਅਤੇ ਅਜਿਹੇ ਸੁਸੰਗਤ ਕਾਰਕਾਂ 'ਤੇ ਵਿਚਾਰ ਕਰਨ ਤੋਂ ਪਿਛੋਂ ਇਕ ਟੈਰਿਫ ਹੁਕਮ ਜਾਰੀ ਕਰੇਗੀ ਜਿਵੇ ਅਥਾਰਟੀ ਜ਼ਰੂਰੀ ਸਮਝੇ:

ਪਰੰਤੂ ਟੈਰਿਫ ਹੁਕਮ ਜਾਰੀ ਕਰਨ ਤੋਂ ਪਹਿਲਾਂ ਹਸਤੀ ਨੂੰ ਸੁਣਵਾਈ ਦਾ ਵਾਜਬ ਮੌਕਾ ਦਿੱਤਾ ਜਾਵੇਗਾ:

ਪਰੰਤੂ ਇਹ ਹੋਰ ਕਿ ਅਥਾਰਟੀ ਲੋਕਾਂ ਤੋਂ ਇਸ ਦੁਆਰਾ ਪ੍ਰਾਪਤ ਇਤਰਾਜ਼ਾਂ 'ਤੇ ਵਿਚਾਰ ਕਰਨ ਲਈ ਇਕ ਸਾਂਝੀ ਸੁਣਵਾਈ ਕਰ ਸਕਦੀ ਹੈ।

(8) ਇਸ ਧਾਰਾ ਵਿਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਅਥਾਰਟੀ ਟੈਰਿਫ ਨਿਰਧਾਰਨ ਲਈ ਕਈ ਹਸਤੀਆਂ ਦੀ ਰਲਵੀਂ ਸੁਣਵਾਈ ਕਰ ਸਕਦੀ ਹੈ ਅਤੇ ਆਪਣੇ ਵਿਵੇਕ ਅਨੁਸਾਰ ਕਿਸੇ ਵੀ ਸਮੂਹ ਜਾਂ ਸ਼੍ਰੇਣੀ ਦੀਆਂ ਹਸਤੀਆਂ ਲਈ ਇੱਕ ਇਕਹਿਰਾ ਟੈਰਿਫ ਹੁਕਮ ਜਾਰੀ ਕਰ ਸਕੇਗੀ।

(9) ਜੇਕਰ ਪਾਣੀ ਦੀ ਸਪਲਾਈ ਕਰਨ ਵਾਲੀ ਇੱਕ ਹਸਤੀ ਅਥਾਰਟੀ ਦੁਆਰਾ ਅਨੁਬੰਧਤ ਸਮੇਂ ਦੇ ਅੰਦਰ ਦਰਖ਼ਾਸਤ ਜਮ੍ਹਾਂ ਕਰਵਾਉਣ ਵਿੱਚ ਅਸਫ਼ਲ ਰਹਿੰਦੀ ਹੈ ਤਾਂ ਅਥਾਰਟੀ ਸਰਕਾਰ ਨਾਲ

ਮਸ਼ਵਰਾ ਕਰਨ ਅਤੇ ਅਜਿਹੀਆਂ ਸੁਸੰਗਤ ਗੱਲਾਂ 'ਤੇ ਵਿਚਾਰ ਕਰਨ ਤੋਂ ਬਾਅਦ, ਜਿਵੇਂ ਅਥਾਰਟੀ ਜ਼ਰੂਰੀ ਸਮਝੇ, ਉਸ ਹਸਤੀ ਦੇ ਬਾਰੇ ਵਿੱਚ ਇਕ ਟੈਰਿਫ ਹੁਕਮ ਜਾਰੀ ਕਰ ਸਕੇਗੀ।

(10) ਅਥਾਰਟੀ ਟੈਰਿਫ ਹੁਕਮ ਦੇਣ ਤੋਂ ਪਹਿਲਾਂ, ਅਜਿਹੀਆਂ ਸਾਰੀਆਂ ਹਸਤੀਆਂ ਤੋਂ ਪ੍ਰਾਪਤ ਦਰਖ਼ਾਸਤ ਤੇ ਸਰਕਾਰ ਦੇ ਵਿਚਾਰ ਚਾਹੇਗੀ ਜੋ ਪ੍ਰਵਿਧਾਨਕ ਪ੍ਰਕਿਰਤੀ ਦੀਆਂ ਹਨ ਜਾਂ ਜੋ ਰਾਜ ਸਰਕਾਰ ਦੀ ਮਲਕੀਅਤ ਜਾਂ ਪ੍ਰਬੰਧਨ ਅਧੀਨ ਹਨ।

(11) ਅਥਾਰਟੀ, ਟੈਰਿਫ ਹੁਕਮ ਕਰਨ ਦੇ ਪੰਦਰਾਂ ਦਿਨਾਂ ਦੇ ਅੰਦਰ, ਸੰਬੰਧਤ ਹਸਤੀ ਅਤੇ ਸਰਕਾਰ ਨੂੰ ਟੈਰਿਫ ਹੁਕਮ ਦੀ ਇੱਕ ਨਕਲ ਭੇਜੇਗੀ।

(12) ਟੈਰਿਫ ਹੁਕਮ, ਜਦੋਂ ਤੱਕ ਸੋਧਿਆ ਜਾਂ ਪਰਤਾਇਆ ਨਹੀਂ ਜਾਂਦਾ, ਅਜਿਹੀ ਮੁਦੱਤ ਲਈ ਨਾਫ਼ਜ ਬਣਿਆ ਰਹੇਗਾ, ਜੋ ਟੈਰਿਫ ਹੁਕਮ ਵਿਚ ਅਨੁਬੰਧਤ ਕੀਤੀ ਜਾਵੇ। ਅਥਾਰਟੀ ਦੁਆਰਾ ਅਜਿਹੇ ਹੁਕਮ ਨੂੰ ਇੱਕ ਨਵਾਂ ਹੁਕਮ ਪਾਸ ਹੋਣ ਤੱਕ ਵਧਾਇਆ ਜਾ ਸਕੇਗਾ।

ਵਿਆਖਿਆ.– ਇਸ ਧਾਰਾ ਦੇ ਉਪਬੰਧ ਉਨ੍ਹਾਂ ਹਸਤੀਆਂ ਤੇ ਵੀ ਲਾਗੂ ਹੋਣਗੇ ਜੋ ਕਿਸੇ ਵੀ ਖ਼ਪਤਕਾਰਾਂ ਜਾਂ ਖ਼ਪਤਕਾਰਾਂ ਦੇ ਸਮੂਹ ਨੂੰ ਸਾਧੇ ਹੋਏ ਜਾਇਆ ਪਾਣੀ ਦੀ ਸਪਲਾਈ ਕਰ ਰਹੀਆਂ ਹਨ ਜਾਂ ਸਪਲਾਈ ਕਰਨ ਦਾ ਇਰਾਦਾ ਰੱਖਦੀਆਂ ਹਨ।

ਜਾਣਕਾਰੀ ਅਤੇ ਰਿਪੋਟਾਂ।

19. ਅਥਾਰਟੀ, ਇਸ ਐਕਟ ਅਧੀਨ ਆਪਣੇ ਕਾਜਕਾਰਾਂ ਦੇ ਸੰਬੰਧ ਵਿੱਚ, ਸਮੇਂ-ਸਮੇਂ ਤੇ ਕਿਸੇ ਵੀ ਵਿਅਕਤੀ, ਸਰਕਾਰ ਜਾਂ ਹੋਰ ਅਥਾਰਟੀ ਨੂੰ ਇਸਨੂੰ ਕੋਈ ਵੀ ਰਿਪੋਟਾਂ, ਅੰਕੜੇ ਜਾਂ ਹੋਰ ਜਾਣਕਾਰੀ ਦੇਣਾ ਲੋੜ ਸਕੇਗੀ ਅਤੇ ਅਜਿਹਾ ਵਿਅਕਤੀ, ਸਰਕਾਰ ਜਾਂ ਹੋਰ ਅਥਾਰਟੀ ਵਾਜਬ ਸਮੇਂ ਦੇ ਅੰਦਰ ਲੋੜੀਂਦੀ ਜਾਣਕਾਰੀ ਮੁਹੱਈਆ ਕਰਵਾਉਣ ਲਈ ਪਾਬੰਦ ਹੋਵੇਗੀ।

ਅਥਾਰਟੀ ਦੀ ਜਾਂਚ ਅਧਿਕਾਰੀ ਨਿਯੁਕਤ ਕਰਨ ਦੀ ਸ਼ਕਤੀ।

20. (1) ਅਥਾਰਟੀ ਇਸ ਐਕਟ ਅਧੀਨ ਕੋਈ ਵੀ ਜਾਂਚ ਕਰਨ ਦੇ ਪ੍ਰਯੋਜਨਾਂ ਲਈ ਆਪਣੇ ਕਿਸੇ ਵੀ ਅਧਿਕਾਰੀ ਨੂੰ, ਜਾਂ ਸਰਕਾਰ ਨਾਲ ਮਸ਼ਵਰਾ ਕਰਕੇ, ਅਜਿਹੇ ਅਧਿਕਾਰੀ ਨੂੰ ਜੋ ਸਰਕਾਰ ਦੁਆਰਾ ਨਾਮਜਦ ਕੀਤਾ ਜਾਵੇ, ਜਾਂਚ ਅਧਿਕਾਰੀ ਵਜੋਂ ਨਿਯੁਕਤ ਕਰ ਸਕੇਗੀ:

ਪਰੰਤੂ ਇਸ ਧਾਰਾ ਵਿੱਚ ਕੁਝ ਵੀ ਅਥਾਰਟੀ ਨੂੰ ਆਪਣੇ ਆਪ ਕੋਈ ਜਾਂਚ ਕਰਨ ਤੋਂ ਨਹੀਂ ਰੋਕੇਗਾ।

(2) ਅਥਾਰਟੀ ਜਾਂ ਉਪ-ਧਾਰਾ (i) ਅਧੀਨ ਨਿਯੁਕਤ ਕੀਤੇ ਗਏ ਜਾਂਚ ਅਧਿਕਾਰੀ ਕੋਲ ਉਹ ਸ਼ਕਤੀਆਂ ਹੋਣਗੀਆਂ ਜੋ ਹੇਠ-ਲਿਖੇ ਮਾਮਲਿਆਂ ਦੇ ਬਾਰੇ ਵਿੱਚ ਦੀਵਾਨੀ ਜ਼ਾਬਤਾ ਸੰਘਤਾ, 1908 ਦੇ ਅਧੀਨ ਇੱਕ ਦੀਵਾਨੀ ਅਦਾਲਤ ਵਿੱਚ ਨਿਹਿਤ ਹੁੰਦੀਆਂ ਹਨ, ਅਰਥਾਤ:-

(ੳ) ਕਿਸੇ ਵੀ ਵਿਅਕਤੀ ਨੂੰ ਤਲਬ ਕਰਨ ਅਤੇ ਹਾਜ਼ਰ ਕਰਵਾਉਣ ਅਤੇ ਉਸਦੀ ਸਹੁੰ ਤੇ ਪਰਖ ਕਰਨਾ;

(ਅ) ਦਸਤਾਵੇਜ਼ਾਂ ਨੂੰ ਪ੍ਰਗਟ ਕਰਨ ਅਤੇ ਪੇਸ਼ ਕਰਨਾ ਲੋੜਨਾ;

(ੲ) ਹਲਫੀਆ ਬਿਆਨਾਂ ਤੇ ਸ਼ਹਾਦਤ ਪ੍ਰਾਪਤ ਕਰਨਾ;

(ਸ) ਕਿਸੇ ਅਦਾਲਤ ਜਾਂ ਦਫ਼ਤਰ ਤੋਂ ਕਿਸੇ ਲੋਕ ਰਿਕਾਰਡ ਜਾਂ ਉਸਦੀ ਨਕਲ ਦੀ ਮੰਗ ਕਰਨਾ;

(ਹ) ਗਵਾਹਾਂ ਦੀ ਪਰਖ ਲਈ ਸੰਮਨ ਜਾਰੀ ਕਰਨਾ; ਅਤੇ

(ਕ) ਅਜਿਹੇ ਹੋਰ ਮਾਮਲੇ ਜੋ ਮੁਕੱਰਰ ਕੀਤੇ ਜਾਣ।

(3) ਜਾਂਚ ਅਧਿਕਾਰੀ ਜਾਂਚ ਦੀ ਸਮਾਪਤੀ 'ਤੇ ਆਪਣੀ ਰਿਪੋਟ ਅਥਾਰਟੀ ਨੂੰ ਪੇਸ਼ ਕਰੇਗਾ: ਪਰੰਤੂ ਜਾਂਚ ਅਧਿਕਾਰੀ ਅਥਾਰਟੀ ਨੂੰ ਅੰਤਰਿਮ ਰਿਪੋਟਾਂ ਪੇਸ਼ ਕਰੇਗਾ, ਜਿਵੇਂ ਅਤੇ ਜਦ ਅਥਾਰਟੀ ਦੁਆਰਾ ਲੋੜਿਆ ਜਾਵੇ।

(4) ਅਥਾਰਟੀ, ਅਥਾਰਟੀ ਦੁਆਰਾ ਜਾਂਚ ਦੀ ਸਮਾਪਤੀ 'ਤੇ ਜਾਂ ਜਾਂਚ ਅਧਿਕਾਰੀ ਤੋਂ ਅੰਤਿਮ ਜਾਂ ਅੰਤਰਿਮ ਰਿਪੋਰਟ ਪ੍ਰਾਪਤ ਹੋਣ ਤੇ, ਇਸ ਐਕਟ ਦੇ ਉਪਬੰਧਾਂ ਦੇ ਤਾਬੇ, ਅਜਿਹੀ ਕਾਰਵਾਈ ਕਰ ਸਕੇਗੀ, ਜਿਵੇਂ ਉਹ ਉਚਿਤ ਸਮਝੇ।

ਇੰਦਰਾਜ ਅਤੇ ਨਿਰੀਖਣ ਦੀ ਸ਼ਕਤੀ ।

21. (1) ਧਾਰਾ 20 ਅਧੀਨ ਜਾਂਚ ਅਧਿਕਾਰੀ ਵੱਜੋ ਨਿਯੁਕਤ ਕੀਤੇ ਗਏ ਜਾਂ ਇਸ ਦੇ ਨਮਿੱਤ ਅਥਾਰਟੀ ਦੁਆਰਾ ਵਿਸ਼ੇਸ਼ ਤੌਰ ਤੇ ਅਖ਼ਤਿਆਰਤ ਕੀਤੇ ਗਏ ਕਿਸੇ ਵਿਅਕਤੀ ਨੂੰ, ਇਹ ਨਿਰਧਾਰਤ ਕਰਨ ਦੇ ਪ੍ਰਯੋਜਨ ਲਈ ਕਿ ਕੀ ਅਤੇ ਜੇ ਅਜਿਹਾ ਹੈ, ਤਾਂ ਇਸ ਐਕਟ ਅਧੀਨ ਅਥਾਰਟੀ ਦੁਆਰਾ ਦਿੱਤੇ ਹੁਕਮਾਂ ਜਾਂ ਨਿਰਦੇਸ਼ਾਂ ਦੀ ਪਾਲਣਾ ਕਿਸੇ ਤਰੀਕੇ ਨਾਲ ਕੀਤੀ ਜਾ ਰਹੀ ਹੈ, ਸਾਰੇ ਵਾਜਬ ਸਮੇਂ ਤੇ ਅਜਿਹੀ ਸਹਾਇਤਾ ਨਾਲ ਜੋ ਉਹ ਜ਼ਰੂਰੀ ਸਮਝੇ, ਕਿਸੇ ਵੀ ਜਗ੍ਹਾ ਵਿੱਚ ਦਾਖ਼ਲ ਹੋਣ ਦਾ ਅਧਿਕਾਰ ਹੋਵੇਗਾ।

(2) ਕੋਈ ਵੀ ਵਿਅਕਤੀ ਜੋ ਪਾਣੀ ਦੀ ਵਰਤੋਂ ਕਰਨ ਜਾਂ ਜਾਇਆ ਪਾਣੀ ਪੈਦਾ ਕਰਨ ਵਾਲੀਆਂ ਕਿਰਿਆਵਾਂ ਜਾਂ ਅਮਲਾਂ ਨੂੰ ਸਿਰੇ ਚਾੜ੍ਹਦਾ ਹੈ, ਉਹ ਉਪ-ਧਾਰਾ (1) ਅਧੀਨ ਅਧਿਕਾਰਤ ਵਿਅਕਤੀ ਨੂੰ ਇਹਾਤੇ ਦੇ ਉਚਿਤ ਨਿਰੀਖਣ ਲਈ ਬਿਨਾਂ ਕਿਸੇ ਦੇਰੀ ਦੇ ਸਾਰੀ ਸਹਾਇਤਾ ਦੇਣ ਲਈ ਪਾਬੰਦ ਹੋਵੇਗਾ।

ਸਰਵੇਖਣ ਆਦਿ ਸਿਰੇ ਚਾੜ੍ਹਨ ਦੀ ਸ਼ਕਤੀ ।

22. ਅਥਾਰਟੀ ਪਾਣੀ ਦੇ ਪਰਿ-ਰੱਖਣ, ਵਰਤੋਂ ਅਤੇ ਗੁਣਵੱਤਾ ਨਾਲ ਸਬੰਧਤ ਸਰਵੇਖਣ, ਛਾਣਬੀਣ ਅਤੇ ਖੋਜ ਕਰ ਸਕਦੀ ਹੈ ਜਾਂ ਕਰਵਾ ਸਕਦੀ ਹੈ।

ਅਥਾਰਟੀ ਦੇ ਨਿਰਦੇਸ਼ਾਂ ਦੀ ਪਾਲਣਾ ਨਾ ਕਰਨ 'ਤੇ ਕਾਰਵਾਈ ।

23. (1) ਜੇਕਰ ਅਥਾਰਟੀ, ਯੋਗ ਜਾਂਚ ਤੋਂ ਪਿੱਛੋਂ, ਸੰਤੁਸ਼ਟ ਹੋ ਜਾਂਦੀ ਹੈ ਕਿ ਕੋਈ ਵਿਅਕਤੀ ਜਾਣ-ਬੁੱਝ ਕੇ ਇਸ ਐਕਟ ਦੀ ਧਾਰਾ 15 ਦੀ ਉਪ-ਧਾਰਾ (2) ਅਧੀਨ ਜਾਰੀ ਕੀਤੇ ਗਏ ਨਿਰਦੇਸ਼ਾਂ ਜਾਂ ਅਰੋਪੀਆਂ ਗਈਆਂ ਸ਼ਰਤਾਂ ਦੀ ਪਾਲਣਾ ਕਰਨ ਵਿੱਚ ਅਸਫ਼ਲ ਰਿਹਾ ਹੈ, ਤਾਂ ਅਥਾਰਟੀ ਇੱਕ ਹੁਕਮ ਦੁਆਰਾ, ਇਸ ਐਕਟ ਅਧੀਨ ਕੀਤੀ ਜਾ ਸਕਣ ਵਾਲੀ ਕਿਸੇ ਹੋਰ ਕਾਰਵਾਈ ਤੋਂ ਇਲਾਵਾ, ਉਸ ਇਹਾਤੇ ਵਿੱਚ ਬਿਜਲੀ ਨਾਲ ਚੱਲਣ ਵਾਲੇ ਮਸ਼ੀਨਰੀ ਦੇ ਸੰਚਾਲਣ ਜਾਂ ਪਾਣੀ ਦੀ ਵਰਤੋਂ ਕਰਨ ਵਾਲੇ ਕਿਸੇ ਉਦਯੋਗਿਕ ਅਮਲ 'ਤੇ ਪਾਬੰਦੀ ਲਗਾ ਸਕਦੀ ਹੈ ਜਿੱਥੇ ਨਿਰਦੇਸ਼ਾਂ ਜਾਂ ਸ਼ਰਤਾਂ ਦੀ ਖਿਲਾਫਵਰਜੀ ਹੋਈ ਹੈ:

ਪਰੰਤੂ ਇਸ ਉਪ-ਧਾਰਾ ਅਧੀਨ ਕੋਈ ਵੀ ਹੁਕਮ ਜਾਰੀ ਕਰਨ ਤੋਂ ਪਹਿਲਾਂ, ਅਥਾਰਟੀ ਸੰਬੰਧਤ ਵਿਅਕਤੀ ਨੂੰ ਘੱਟੋ-ਘੱਟ ਸੱਤ ਦਿਨਾਂ ਦਾ ਨੋਟਿਸ ਦੇਣ ਪਿੱਛੋਂ ਸੁਣਵਾਈ ਦਾ ਮੌਕਾ ਦੇਵੇਗੀ।

(2) ਅਥਾਰਟੀ, ਉਪ-ਧਾਰਾ (1) ਅਧੀਨ ਹੁਕਮ ਦੇਣ ਤੋਂ ਪਿੱਛੋਂ, ਉਪ-ਧਾਰਾ (1) ਵਿੱਚ ਜ਼ਿਕਰ ਕੀਤੇ ਗਏ ਇਹਾਤੇ ਨੂੰ ਬਿਜਲੀ ਸਪਲਾਈ ਕਰਨ ਵਾਲੀ ਕਿਸੇ ਵੀ ਹਸਤੀ ਨੂੰ ਉਸ ਇਹਾਤੇ ਨੂੰ ਬਿਜਲੀ ਸਪਲਾਈ ਬੰਦ ਕਰਨ ਲਈ ਨਿਰਦੇਸ਼ ਜਾਰੀ ਕਰ ਸਕੇਗੀ ਅਤੇ ਹਸਤੀ ਹੁਕਮ ਪ੍ਰਾਪਤ ਹੋਣ ਦੇ ਚੌਵੀ ਘੰਟਿਆਂ ਦੇ ਅੰਦਰ ਅਥਾਰਟੀ ਦੇ ਹੁਕਮ ਦੀ ਪਾਲਣਾ ਕਰੇਗੀ ਅਤੇ ਅਜਿਹੇ ਸਮੇਂ ਤੱਕ ਬਿਜਲੀ ਸਪਲਾਈ ਬਹਾਲ ਨਹੀਂ ਕਰੇਗੀ, ਜਦੋਂ ਤੱਕ ਅਥਾਰਟੀ ਦੁਆਰਾ ਆਗਿਆ ਨਾ ਦਿੱਤੀ ਜਾਵੇ।

ਉਲੰਘਣਾ ਆਦਿ ਲਈ ਸਜ਼ਾ।

24. (1) ਕੋਈ ਵੀ ਵਿਅਕਤੀ ਜੋ ਇਸ ਐਕਟ ਅਧੀਨ ਅਥਾਰਟੀ ਦੁਆਰਾ ਜਾਰੀ ਕੀਤੇ ਗਏ ਨਿਰਦੇਸ਼ਾਂ ਜਾਂ ਹੁਕਮਾਂ ਦੀ ਪਾਲਣਾ ਕਰਨ ਵਿਚ ਅਸਫ਼ਲ ਰਹਿੰਦਾ ਹੈ, ਜਾਂ ਉਲੰਘਣਾ ਕਰਦਾ ਹੈ, ਜਾਂ ਉਨ੍ਹਾਂ ਦੇ ਉਲੰਘਣ ਜਾਂ ਅਪਾਲਣ ਨੂੰ ਉਕਸਾਉਂਦਾ ਹੈ, ਨੂੰ ਇਸ ਐਕਟ ਅਧੀਨ ਅਪਰਾਧ ਕੀਤਾ ਸਮਝਿਆ ਜਾਵੇਗਾ ਅਤੇ ਸਿੱਧ-ਦੋਸ਼ ਹੋਣ ਤੇ,

(i) ਪਹਿਲੇ ਅਪਰਾਧ ਲਈ, ਪੰਜਾਹ ਹਜ਼ਾਰ ਰੁਪਏ ਤੱਕ ਦੇ ਜੁਰਮਾਨੇ ਨਾਲ; ਅਤੇ

(ii) ਉਤਰਵਰਤੀ ਅਪਰਾਧ ਲਈ, ਅਉਧ ਲਈ ਜੋ ਛੇ ਮਹੀਨੇ ਤੱਕ ਹੋ ਸਕੇਗੀ ਜਾਂ ਜੁਰਮਾਨੇ ਨਾਲ ਜੋ ਇੱਕ ਲੱਖ ਰੁਪਏ ਤੱਕ ਹੋ ਸਕੇਗਾ, ਜਾਂ ਦੋਵਾਂ ਨਾਲ,

ਸਜ਼ਾਯੋਗ ਹੋਵੇਗਾ।

(2) ਉਪ-ਧਾਰਾ (1) ਵਿਚ ਦਰਜ਼ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਕੋਈ ਵਿਅਕਤੀ ਜੋ ਇਸ ਐਕਟ ਦੀ ਧਾਰਾ 23 ਅਧੀਨ ਜਾਰੀ ਕੀਤੇ ਗਏ ਹੁਕਮ ਦੀ ਖਿਲਾਫਵਰਜੀ ਕਰਦਾ ਹੈ, ਅਉਧ ਲਈ ਜੋ ਇੱਕ ਸਾਲ ਤੱਕ ਹੋ ਸਕੇਗੀ ਜਾਂ ਜੁਰਮਾਨੇ ਨਾਲ ਜੋ ਪੰਜ ਲੱਖ ਰੁਪਏ ਤੱਕ ਹੋ ਸਕੇਗਾ, ਜਾਂ ਦੋਵਾਂ ਨਾਲ ਕੈਦ ਦੀ ਸਜ਼ਾ ਦਿੱਤੀ ਜਾਵੇਗੀ।

ਕੰਪਨੀਆਂ ਦੁਆਰਾ ਅਪਰਾਧ।

25. (1) ਜਿੱਥੇ ਇਸ ਐਕਟ ਅਧੀਨ ਕੋਈ ਅਪਰਾਧ ਇੱਕ ਕੰਪਨੀ ਦੁਆਰਾ ਕੀਤਾ ਗਿਆ ਹੈ, ਉਥੇ ਹਰੇਕ ਵਿਅਕਤੀ ਜੋ, ਅਪਰਾਧ ਕੀਤੇ ਜਾਣ ਸਮੇਂ ਕੰਪਨੀ ਦੇ ਕਾਰੋਬਾਰ ਦੇ ਸੰਚਾਲਣ ਲਈ ਕੰਪਨੀ ਦਾ ਇੰਚਾਰਜ ਸੀ, ਅਤੇ ਉਸ ਪ੍ਰਤੀ ਉੱਤਰਦਾਈ ਸੀ, ਨਾਲੇ ਉਹ ਕੰਪਨੀ, ਉਸ ਅਪਰਾਧ ਦੇ ਦੋਸ਼ੀ ਸਮਝੇ ਜਾਣਗੇ ਅਤੇ ਉਸ ਅਨੁਸਾਰ ਉਨ੍ਹਾਂ ਵਿਰੁੱਧ ਕਾਰਵਾਈ ਕੀਤੇ ਜਾਣ ਅਤੇ ਸਜ਼ਾ ਦਿੱਤੇ ਜਾਣ ਦੇ ਭਾਗੀ ਹੋਣਗੇ:

ਪਰੰਤੂ ਇਸ ਉਪ-ਧਾਰਾ ਵਿੱਚ ਦਰਜ ਕੋਈ ਗੱਲ ਅਜਿਹੇ ਵਿਅਕਤੀ ਨੂੰ ਇਸ ਐਕਟ ਅਧੀਨ ਕਿਸੇ ਸਜ਼ਾ ਦਾ ਭਾਗੀ ਨਹੀਂ ਬਣਾਏਗੀ, ਜੇ ਉਹ ਸਾਬਤ ਕਰ ਦਿੰਦਾ ਹੈ ਕਿ ਅਪਰਾਧ ਉਸਦੀ ਜਾਣਕਾਰੀ ਤੋਂ ਬਿਨ੍ਹਾਂ ਕੀਤਾ ਗਿਆ ਸੀ ਜਾਂ ਉਸਨੇ ਅਜਿਹੇ ਅਪਰਾਧ ਦੇ ਕੀਤੇ ਜਾਣ ਨੂੰ ਰੋਕਣ ਲਈ ਪੂਰਾ ਯੋਗ ਤਨਦਿਹੀ ਦੀ ਵਰਤੋਂ ਕੀਤੀ ਸੀ।

(2) ਉਪ-ਧਾਰਾ (1) ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਇਸ ਐਕਟ ਅਧੀਨ ਜਿੱਥੇ ਕੋਈ ਅਪਰਾਧ ਕਿਸੇ ਕੰਪਨੀ ਦੁਆਰਾ ਕੀਤਾ ਗਿਆ ਹੈ ਅਤੇ ਇਹ ਸਾਬਤ ਹੋ ਜਾਂਦਾ ਹੈ

ਕਿ ਉਹ ਅਪਰਾਧ ਕੰਪਨੀ ਦੇ ਕਿਸੇ ਡਾਇਰੈਕਟਰ, ਮੈਨੇਜਰ, ਸਕੱਤਰ ਜਾਂ ਹੋਰ ਅਧਿਕਾਰੀ ਦੀ ਰਜ਼ਾਮੰਦੀ ਜਾਂ ਅਣਡਿੱਠਤਾ ਨਾਲ ਕੀਤਾ ਗਿਆ ਹੈ ਜਾਂ ਉਸਦੀ ਕਿਸੇ ਅਣਗਹਿਲੀ ਕਾਰਨ ਹੋਇਆ ਮੰਨਿਆ ਜਾ ਸਕਦਾ ਹੈ, ਤਾਂ ਅਜਿਹਾ ਡਾਇਰੈਕਟਰ, ਮੈਨੇਜਰ, ਸਕੱਤਰ ਜਾਂ ਹੋਰ ਅਧਿਕਾਰੀ ਵੀ ਉਸ ਅਪਰਾਧ ਦਾ ਦੋਸ਼ੀ ਸਮਝਿਆ ਜਾਵੇਗਾ ਅਤੇ ਉਸ ਅਨੁਸਾਰ ਉਸ ਵਿਰੁੱਧ ਕਾਰਵਾਈ ਕੀਤੇ ਜਾਣ ਅਤੇ ਸਜ਼ਾ ਦਿੱਤੇ ਜਾਣ ਦਾ ਭਾਗੀ ਹੋਵੇਗਾ।

ਵਿਆਖਿਆ.– ਇਸ ਧਾਰਾ ਦੇ ਪ੍ਰਯੋਜਨਾਂ ਲਈ,-

(i) "ਕੰਪਨੀ" ਦਾ ਮਤਲਬ ਹੈ ਇਕ ਨਿਗਮਤ ਬੌਡੀ ਅਤੇ ਇਸ ਵਿੱਚ ਫਰਮ, ਵਿਅਕਤੀਆਂ ਦੀ ਸਭਾ ਜਾਂ ਵਿਅਕਤੀਆਂ ਦੀ ਬੌਡੀ, ਭਾਵੇਂ ਨਿਗਮਤ ਹੋਵੇ ਜਾਂ ਨ, ਸ਼ਾਮਲ ਹਨ;

(ii) ਕਿਸੇ ਫ਼ਰਮ ਦੇ ਸਬੰਧ ਵਿੱਚ "ਡਾਇਰੈਕਟਰ" ਦਾ ਮਤਲਬ ਹੈ ਉਸ ਫ਼ਰਮ ਵਿੱਚ ਭਾਈਵਾਲ, ਅਤੇ ਵਿਅਕਤੀਆਂ ਦੀ ਕਿਸੇ ਸਭਾ ਜਾਂ ਵਿਅਕਤੀਆਂ ਦੀ ਬੌਡੀ ਦੇ ਸੰਬੰਧ ਵਿਚ ਮਤਲਬ ਹੈ ਕੋਈ ਵੀ ਮੈਂਬਰ ਜੋ ਇਸਦੇ ਕਾਰ-ਵਿਹਾਰਾਂ ਨੂੰ ਕੰਟਰੋਲ ਕਰਦਾ ਹੈ।

ਅਪਰਾਧਾਂ ਦਾ ਸਮਾਇਤ ਅਧਿਕਾਰ ।

26. ਕੋਈ ਵੀ ਅਦਾਲਤ ਇਸ ਐਕਟ ਅਧੀਨ ਸਜ਼ਾ ਦਿੱਤੇ ਜਾਣਯੋਗ ਕਿਸੇ ਅਪਰਾਧ ਦਾ, ਸਿਵਾਏ ਅਥਾਰਟੀ ਦੁਆਰਾ ਜਾਂ ਇਸ ਪ੍ਰਯੋਜਨ ਲਈ ਅਥਾਰਟੀ ਦੁਆਰਾ ਅਧਿਕਾਰਤ ਕੋਈ ਹੋਰ ਅਧਿਕਾਰੀ ਦੁਆਰਾ ਕੀਤੀ ਲਿਖਤੀ ਸ਼ਿਕਾਇਤ ਦੇ, ਸਮਾਇਤ ਅਧਿਕਾਰ ਨਹੀਂ ਲਵੇਗੀ।

ਅਪਰਾਧਾਂ ਦਾ ਰਾਜ਼ੀਨਾਮਾ ।

27. (1) ਅਥਾਰਟੀ ਜਾਂ ਇਸ ਨਮਿੱਤ ਅਧਿਕਾਰਤ ਅਥਾਰਟੀ ਦਾ ਕੋਈ ਅਧਿਕਾਰੀ, ਇਸ ਐਕਟ ਅਧੀਨ ਸਜ਼ਾਯੋਗ ਅਪਰਾਧ ਨਾਲ ਭਾਰਿਤ ਕਿਸੇ ਵਿਅਕਤੀ ਤੋਂ, ਅਪਰਾਧ ਦੇ ਰਾਜ਼ੀਨਾਮੇ ਵਜੋਂ, ਇਸ ਐਕਟ ਦੁਆਰਾ ਜਾਂ ਅਧੀਨ ਸਜ਼ਾਯੋਗ ਅਪਰਾਧਾਂ ਲਈ ਵੱਧ ਤੋਂ ਵੱਧ ਜੁਰਮਾਨੇ ਦੀ ਰਕਮ ਦੇ ਪੰਜ ਗੁਣਾਂ ਤੋਂ ਵੱਧ ਦੀ ਰਕਮ ਸਵੀਕਾਰ ਨਹੀਂ ਕਰ ਸਕੇਗਾ:

ਪਰੰਤੂ ਵਿਅਕਤੀ ਇਸ ਐਕਟ ਅਧੀਨ ਜਾਰੀ ਕੀਤੇ ਹੁਕਮਾਂ ਦੀ ਪਾਲਣਾ ਕਰਨ ਲਈ ਲਿਖਤੀ ਰੂਪ ਵਿੱਚ ਜ਼ਿੰਮਾ ਲੈਂਦਾ ਹੈ:

ਪਰੰਤੂ ਇਹ ਹੋਰ ਕਿ ਇਸ ਐਕਟ ਦੀ ਧਾਰਾ 23 ਅਧੀਨ ਜਾਰੀ ਕੀਤੇ ਗਏ ਹੁਕਮ ਦੀ ਖਿਲਾਫ਼ਵਰਜ਼ੀ ਦੇ ਅਪਰਾਧ ਦਾ ਰਾਜ਼ੀਨਾਮਾ ਕਰਨ ਲਈ ਕੇਵਲ ਅਥਾਰਟੀ ਹੀ ਅਧਿਕਾਰਤ ਹੋਵੇਗੀ।

(2) ਅਜਿਹੀ ਰਕਮ ਦੀ ਅਦਾਇਗੀ 'ਤੇ ਜਿਵੇਂ ਨਿਰਧਾਰਤ ਕੀਤੀ ਜਾਵੇ, ਉਸੇ ਅਪਰਾਧ ਦੇ ਬਾਰੇ ਵਿੱਚ ਮੁਲਜ਼ਮ ਵਿਅਕਤੀ ਵਿਰੁੱਧ ਕੋਈ ਹੋਰ ਕਾਰਵਾਈ ਨਹੀਂ ਕੀਤੀ ਜਾਵੇਗੀ, ਅਤੇ ਜੇਕਰ ਪਹਿਲਾਂ ਹੀ ਕੋਈ ਕਾਰਵਾਈ ਕੀਤੀ ਗਈ ਹੈ ਜਾਂ ਸ਼ੁਰੂ ਕੀਤੀ ਗਈ ਹੈ ਤਾਂ ਉਹ ਖ਼ਤਮ ਹੋ ਜਾਵੇਗੀ, ਅਤੇ ਜੇਕਰ ਮੁਲਜ਼ਮ ਵਿਅਕਤੀ ਹਿਰਾਸਤ ਵਿੱਚ ਹੈ, ਤਾਂ ਉਸਨੂੰ ਰਿਹਾਅ ਕਰ ਦਿੱਤਾ ਜਾਵੇਗਾ।

ਸਰਕਾਰ ਦੁਆਰਾ ਨਿਰਦੇਸ਼ ਅਤੇ ਸਿਫ਼ਾਰਸ਼ਾਂ ।

28. (1) ਅਥਾਰਟੀ ਰਾਜ ਸਰਕਾਰ ਦੁਆਰਾ ਸਮੇਂ-ਸਮੇਂ ਤੇ ਬਣਾਈਆਂ ਅਤੇ ਸੋਧੀਆਂ ਗਈਆਂ ਰਾਜ ਨੀਤੀਆਂ ਦੀ ਪਾਲਣਾ ਕਰੇਗੀ, ਇਸ ਵਿੱਚ ਏਕੀਕ੍ਰਿਤ ਰਾਜ ਪਾਣੀ ਯੋਜਨਾ ਵੀ ਸ਼ਾਮਲ ਹੈ।

(2) ਜਿਥੇ ਸਰਕਾਰ ਦੀ ਰਾਇ ਹੈ ਕਿ ਜਨਤਕ ਹਿੱਤ ਵਿੱਚ ਜ਼ਮੀਨ ਹੇਠਲੇ ਪਾਣੀ ਦੇ ਵਸੀਲਿਆਂ ਦੀ ਅਨੁਕੂਲਤਮ ਵਰਤੋਂ ਨਾਲ ਸੰਬੰਧਤ ਮਾਮਲਿਆਂ ਬਾਰੇ ਵਿੱਚ ਅਥਾਰਟੀ ਨੂੰ ਕੁਝ ਵਾਜ਼ਬ ਨਿਰਦੇਸ਼ ਦੇਣ ਦੀ ਜ਼ਰੂਰਤ ਹੈ, ਉੱਥੇ ਸਰਕਾਰ ਅਜਿਹੇ ਨਿਰਦੇਸ਼ ਦੇ ਸਕੇਗੀ ਜਿਵੇਂ ਉਹ ਇਸ ਐਕਟ ਦੇ ਉਦੇਸ਼ਾਂ ਨੂੰ ਪ੍ਰਾਪਤ ਕਰਨ ਲਈ ਜ਼ਰੂਰੀ ਸਮਝਦੀ ਹੈ, ਜੋ ਅਥਾਰਟੀ ਤੇ ਬੰਧਨਕਾਰੀ ਹੋਣਗੇ।

29. ਸਰਕਾਰ, ਅਥਾਰਟੀ ਨੂੰ ਇਸ ਐਕਟ ਦੇ ਅਧੀਨ ਅਥਾਰਟੀ ਦੁਆਰਾ ਲਏ ਗਏ ਫੈਸਲਿਆਂ ਦੇ ਪਰਿਪਾਲਣ ਲਈ, ਪ੍ਰਭਾਵਸ਼ਾਲੀ ਸਹਾਇਤਾ ਦੇਵੇਗੀ, ਜਿਵੇਂ ਅਤੇ ਜਦੋਂ ਅਥਾਰਟੀ ਦੁਆਰਾ ਲੋੜੀ ਜਾਵੇ। ਸਰਕਾਰ ਦੁਆਰਾ ਅਥਾਰਟੀ ਨੂੰ ਸਹਾਇਤਾ ।

30. ਅਥਾਰਟੀ ਦੇ ਮੈਂਬਰ, ਅਧਿਕਾਰੀ ਅਤੇ ਹੋਰ ਕਰਮਚਾਰੀ, ਜਦੋਂ ਉਹ ਇਸ ਐਕਟ ਜਾਂ ਇਸਦੇ ਅਧੀਨ ਬਣਾਏ ਗਏ ਨਿਯਮਾਂ ਜਾਂ ਵਿਨਿਯਮਾਂ ਦੇ ਕਿਸੇ ਵੀ ਉਪਬੰਧਾਂ ਦੀ ਅਨੁਸਾਰਤਾ ਵਿੱਚ ਕਾਰਜ ਕਰ ਰਹੇ ਹੋਣ ਜਾਂ ਕਾਰਜ ਕਰ ਰਹੇ ਤਤਪਰਜਿਤ ਹੋਣ, ਤਾਂ ਉਹਨਾਂ ਨੂੰ ਭਾਰਤੀ ਦੰਡ ਸੰਘਤਾ, 1860 (1860 ਦਾ ਕੇਂਦਰੀ ਐਕਟ 45) ਦੀ ਧਾਰਾ 21 ਦੇ ਅਰਥਾਂ ਦੇ ਅੰਦਰ ਲੋਕ ਸੇਵਕ ਸਮਝਿਆ ਜਾਵੇਗਾ। ਅਥਾਰਟੀ ਦੇ ਮੈਂਬਰਾਂ, ਅਧਿਕਾਰੀਆਂ ਅਤੇ ਹੋਰ ਅਮਲੇ ਦਾ ਜਨਤਕ ਸੇਵਕ ਹੋਣਾ ।

31. ਇਸ ਐਕਟ ਜਾਂ ਇਸਦੇ ਅਧੀਨ ਬਣਾਏ ਗਏ ਨਿਯਮਾਂ ਜਾਂ ਵਿਨਿਯਮਾਂ ਦੇ ਉਪਬੰਧਾਂ ਦੇ ਅਨੁਸਰਣ ਵਿੱਚ ਨੇਕਨੀਤੀ ਨਾਲ ਕੀਤੀ ਗਈ ਜਾਂ ਕੀਤੀ ਜਾਣੀ ਚਿਤਵਤ ਕਿਸੇ ਗੱਲ ਲਈ ਸਰਕਾਰ ਜਾਂ ਅਥਾਰਟੀ ਜਾਂ ਸਰਕਾਰ ਦੇ ਕਿਸੇ ਅਧਿਕਾਰੀ ਜਾਂ ਅਥਾਰਟੀ ਦੇ ਕਿਸੇ ਮੈਂਬਰ, ਅਧਿਕਾਰੀ ਜਾਂ ਹੋਰ ਕਰਮਚਾਰੀ ਦੇ ਵਿਰੁੱਧ ਕੋਈ ਦਾਵਾ, ਪ੍ਰਾਸੀਕਿਊਸ਼ਨ ਜਾਂ ਹੋਰ ਕਾਨੂੰਨੀ ਕਾਰਵਾਈ ਨਹੀਂ ਹੋ ਸਕੇਗੀ। ਨੇਕ-ਨੀਤੀ ਨਾਲ ਕੀਤੀ ਕਾਰਵਾਈ ਦਾ ਬਚਾਉ ।

32. (1) ਅਥਾਰਟੀ, ਇਸ ਦੇ ਸਾਹਮਣੇ ਸਾਰੀਆਂ ਕਾਰਵਾਈਆਂ ਦੇ ਸੰਚਾਲਨ ਵਿੱਚ ਅਤੇ ਇਸ ਐਕਟ ਅਧੀਨ ਆਪਣੀਆਂ ਸ਼ਕਤੀਆਂ ਦੀ ਵਰਤੋਂ ਵਿੱਚ, ਕੁਦਰਤੀ ਨਿਆਂ ਦੇ ਸਿਧਾਂਤਾਂ ਦੁਆਰਾ ਅਗਵਾਈ ਪ੍ਰਾਪਤ ਕਰੇਗੀ। ਦੀਵਾਨੀ ਅਦਾਲਤ ਦੀਆਂ ਸ਼ਕਤੀਆਂ।

(2) ਅਥਾਰਟੀ ਕੋਲ ਹੇਠ-ਲਿਖਿਆਂ ਦੇ ਬਾਰੇ ਵਿੱਚ ਉਹੀ ਸ਼ਕਤੀਆਂ ਹੋਣਗੀਆਂ ਜੋ ਦੀਵਾਨੀ ਜ਼ਾਬਤਾ ਸੰਘਤਾ, 1908 ਦੇ ਅਧੀਨ ਇੱਕ ਦੀਵਾਨੀ ਅਦਾਲਤ ਵਿੱਚ ਨਿਹਿੱਤ ਹੁੰਦੀਆਂ ਹਨ,-

(ੳ) ਕਿਸੇ ਵੀ ਵਿਅਕਤੀ ਨੂੰ ਤਲਬ ਕਰਨਾ ਅਤੇ ਹਾਜ਼ਰ ਕਰਵਾਉਣਾ ਅਤੇ ਉਸਦੀ ਸਹੁੰ ਤੇ ਪਰਖ ਕਰਨਾ;

(ਅ) ਦਸਤਾਵੇਜ਼ਾਂ ਨੂੰ ਪ੍ਰਗਟ ਕਰਨਾ ਅਤੇ ਪੇਸ਼ ਕਰਨਾ ਲੋੜਨਾ;

(ੲ) ਹਲਫੀਆ ਬਿਆਨ 'ਤੇ ਸ਼ਹਾਦਤ ਪ੍ਰਾਪਤ ਕਰਨਾ;

(ਸ) ਗਵਾਹਾਂ ਜਾਂ ਦਸਤਾਵੇਜ਼ਾਂ ਦੀ ਪਰੀਖਿਆ ਲਈ ਕਮਿਸ਼ਨ ਜਾਰੀ ਕਰਨਾ;

(ਹ) ਇਸਦੇ ਫੈਸਿਲਆਂ ਦੀ ਨਜ਼ਰਸਾਨੀ ਕਰਨਾ;

(ਕ) ਕੋਤਾਹੀ ਲਈ ਦਰਖ਼ਾਸਤ ਨੂੰ ਖਾਰਜ ਕਰਨਾ ਜਾਂ ਇਸ ਦਾ ਇਕਤਰਫਾ ਫੈਸਲਾ ਕਰਨਾ, ਬਰਖ਼ਾਸਤਗੀ ਦੇ ਕਿਸੇ ਹੁਕਮ ਜਾਂ ਕੋਤਾਹੀ ਲਈ ਕਿਸੇ

ਦਰਖ਼ਾਸਤ ਜਾਂ ਇਸ ਦੁਆਰਾ ਇਕਤਰਫਾ ਪਾਸ ਕੀਤੇ ਕਿਸੇ ਹੁਕਮ ਨੂੰ ਰੱਦ ਕਰਨਾ; ਅਤੇ

(ਖ) ਕੋਈ ਹੋਰ ਮਾਮਲੇ ਜਿਵੇਂ ਅਥਾਰਟੀ ਵਿਨਿਯਮਾਂ ਦੁਆਰਾ ਉਲਿਖਤ ਕਰੇ।

(3) ਅਥਾਰਟੀ ਸਾਹਮਣੇ ਹਰੇਕ ਕਾਰਵਾਈ ਇਸਦੇ ਅਰੰਭ ਹੋਣ ਤੋਂ ਨੱਬੇ ਦਿਨਾਂ ਦੀ ਮੁੱਦਤ ਦੇ ਅੰਦਰ ਪੂਰੀ ਕੀਤੀ ਜਾਵੇਗੀ, ਸਿਵਾਏ ਜਿਥੇ ਅਥਾਰਟੀ ਦੁਆਰਾ ਲਿਖਤੀ ਰੂਪ ਵਿੱਚ ਕਲਮਬੰਦ ਕੀਤੇ ਕਾਰਨਾਂ ਕਰਕੇ ਸਮਾਂ ਮੁੱਦਤ ਵਧਾਈ ਗਈ ਹੋਵੇ।

ਅਦਾਲਤਾਂ ਦੀ ਅਧਿਕਾਰਤਾ ਤੇ ਰੋਕ।

33. ਕਿਸੇ ਵੀ ਦੀਵਾਨੀ ਅਦਾਲਤ ਨੂੰ ਕਿਸੇ ਵੀ ਮਾਮਲੇ ਦੇ ਬਾਰੇ ਵਿੱਚ ਕਿਸੇ ਵੀ ਦਾਵੇ, ਅਪੀਲ ਜਾਂ ਹੋਰ ਕਾਰਵਾਈ ਨੂੰ ਗ੍ਰਹਿਣ ਕਰਨ ਜਾਂ ਫ਼ੈਸਲਾ ਕਰਨ ਦੀ ਅਧਿਕਾਰਤਾ ਨਹੀਂ ਹੋਵੇਗੀ, ਜਿਸ ਨੂੰ ਨਿਰਧਾਰਤ ਕਰਨ ਲਈ ਅਥਾਰਟੀ ਇਸ ਐਕਟ ਦੁਆਰਾ ਸ਼ਕਤੀ-ਪ੍ਰਾਪਤ ਹੈ ਅਤੇ ਇਸ ਐਕਟ ਦੁਆਰਾ ਜਾਂ ਇਸਦੇ ਅਧੀਨ ਪ੍ਰਦਾਨ ਕੀਤੀਆਂ ਗਈਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਅਥਾਰਟੀ ਦੁਆਰਾ ਕੀਤੀ ਗਈ ਜਾਂ ਤਜਵੀਜ ਕੀਤੇ ਜਾਣ ਵਾਲੀ ਕਿਸੇ ਵੀ ਕਾਰਵਾਈ ਦੇ ਬਾਰੇ ਵਿੱਚ, ਕਿਸੇ ਵੀ ਅਦਾਲਤ ਦੁਆਰਾ ਕੋਈ ਮਨਾਹੀ ਹੁਕਮ ਜਾਰੀ ਨਹੀਂ ਕੀਤਾ ਜਾਵੇਗਾ।

ਮੁਆਵਜ਼ੇ ਕਲੇਮ ਕਰਨ 'ਤੇ ਰੋਕ।

34. ਕੋਈ ਵੀ ਵਿਅਕਤੀ ਇਸ ਐਕਟ ਜਾਂ ਇਸਦੇ ਅਧੀਨ ਪ੍ਰਦਾਨ ਕੀਤੀਆਂ ਗਈਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਕੀਤੀ ਗਈ ਕਿਸੇ ਕਾਰਵਾਈ ਦੇ ਕਾਰਨ ਉਸਨੂੰ ਹੋਏ ਕਿਸੇ ਵੀ ਨੁਕਸਾਨ ਲਈ ਸਰਕਾਰ ਜਾਂ ਅਥਾਰਟੀ ਜਾਂ ਇਸਦੇ ਕਿਸੇ ਵੀ ਅਧਿਕਾਰੀ ਤੋਂ ਕਿਸੇ ਵੀ ਹਰਜ਼ਾਨੇ ਜਾਂ ਮੁਆਵਜ਼ੇ ਦਾ ਦਾਅਵਾ ਕਰਨ ਦਾ ਹੱਕਦਾਰ ਨਹੀਂ ਹੋਵੇਗਾ।

ਨਿਯਮ ਬਣਾਉਣ ਦੀ ਸ਼ਕਤੀ।

35. (1) ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਨਿਯਮ ਬਣਾ ਸਕੇਗੀ।

(2) ਇਸ ਐਕਟ ਅਧੀਨ ਬਣਾਇਆ ਗਿਆ ਹਰੇਕ ਨਿਯਮ, ਉਸਦੇ ਬਣਾਏ ਜਾਣ ਪਿੱਛੋਂ, ਜਿੰਨੀ ਛੇਤੀ ਹੋ ਸਕੇ, ਰਾਜ ਵਿਧਾਨ ਮੰਡਲ ਦੇ ਸਦਨ ਅੱਗੇ, ਜਦ ਉਹ ਦਸ ਦਿਨਾਂ ਦੀ ਕੁੱਲ ਮੁੱਦਤ ਲਈ ਇਜਲਾਸ ਵਿੱਚ ਹੈ, ਰੱਖਿਆ ਜਾਵੇਗਾ, ਜੋ ਇੱਕ ਇਜਲਾਸ ਵਿੱਚ ਜਾਂ ਦੋ ਜਾਂ ਵੱਧ ਕ੍ਰਮਵਰਤੀ ਇਜਲਾਸਾਂ ਵਿੱਚ ਪੂਰੀ ਹੋ ਸਕੇਗੀ, ਅਤੇ ਜੇ, ਇਸ ਇਜਲਾਸ ਦੇ, ਜਿਸ ਵਿੱਚ ਉਹ ਇਸ ਤਰ੍ਹਾਂ ਰੱਖਿਆ ਜਾਂਦਾ ਹੈ ਜਾਂ ਉਪਰੋਕਤ ਕ੍ਰਮਵਰਤੀ ਇਜਲਾਸਾਂ ਦੇ ਗੁਜ਼ਰਨ ਤੋਂ ਪਹਿਲਾਂ, ਸਦਨ ਉਸ ਨਿਯਮ ਵਿੱਚ ਕੋਈ ਰੂਪਭੇਦ ਕਰਨ ਲਈ ਸਹਿਮਤ ਹੋ ਜਾਂਦਾ ਹੈ ਜਾਂ ਸਦਨ ਸਹਿਮਤ ਹੋ ਜਾਂਦਾ ਹੈ ਕਿ ਨਿਯਮ ਨਹੀਂ ਬਣਾਇਆ ਜਾਣਾ ਚਾਹੀਦਾ, ਤਾਂ ਨਿਯਮ ਉਸ ਤੋਂ ਪਿੱਛੋਂ, ਕੇਵਲ ਅਜਿਹੇ ਰੂਪਭੇਦ ਕੀਤੇ ਰੂਪ ਵਿੱਚ ਵੀ ਪ੍ਰਭਾਵੀ ਹੋਵੇਗਾ ਜਾਂ, ਜਿਹੀ ਕਿ ਸੂਰਤ ਹੋਵੇ, ਪ੍ਰਭਾਵੀ ਨਹੀਂ ਹੋਵੇਗਾ। ਐਪਰ, ਅਜਿਹੇ ਕਿਸੇ ਰੂਪਭੇਦ ਜਾਂ ਰੱਦਕਰਨ ਦਾ ਉਸ ਨਿਯਮ ਅਧੀਨ ਪਹਿਲਾਂ ਕੀਤੀ ਗਈ ਜਾਂ ਕੀਤੇ ਜਾਣੋਂ ਛੱਡ ਦਿੱਤੀ ਗਈ ਕਿਸੇ ਗੱਲ ਦੀ ਜਾਇਜ਼ਤਾ 'ਤੇ ਪ੍ਰਤੀਕੂਲ ਪ੍ਰਭਾਵ ਨਹੀਂ ਹੋਵੇਗਾ।

ਅਥਾਰਟੀ ਦੀ ਵਿਨਿਯਮ ਬਣਾਉਣ ਦੀ ਸ਼ਕਤੀ।

36. (1) ਅਥਾਰਟੀ, ਸਰਕਾਰ ਦੀ ਪੂਰਵ ਪ੍ਰਵਾਨਗੀ ਨਾਲ, ਇਸ ਐਕਟ ਅਧੀਨ ਉਪਬੰਧਤ ਕੀਤੇ ਗਏ ਸਾਰੇ ਜਾ ਕਿਸੇ ਵੀ ਮਾਮਲੇ ਲਈ ਵਿਨਿਯਮ ਬਣਾ ਸਕੇਗੀ, ਜੋ ਅਥਾਰਟੀ ਦੀ ਰਾਇ ਵਿੱਚ,

ਇਸ ਐਕਟ ਅਧੀਨ ਇਸਦੀਆਂ ਸ਼ਕਤੀਆਂ ਦੀ ਵਰਤੋਂ ਕਰਨ ਅਤੇ ਕਾਜਕਾਰਾਂ ਨੂੰ ਨਿਭਾਉਣ ਲਈ ਜ਼ਰੂਰੀ ਹਨ।

(2) ਅਥਾਰਟੀ ਦੁਆਰਾ ਵਿਨਿਯਮ ਬਣਾਉਣ ਦੇ ਲੰਬਿਤ ਹੋਣ ਤੱਕ, ਰਾਜ ਦੇ ਸਰਕਾਰੀ ਵਿਭਾਗਾਂ 'ਤੇ ਲਾਗੂ ਨਿਯਮਾਂ ਅਤੇ ਜਾਬਤਿਆਂ ਦੀ ਪਾਲਣਾ ਅਥਾਰਟੀ ਦੁਆਰਾ ਆਪਣੇ ਕਾਜਕਾਰਾਂ ਨੂੰ ਸਿਰੇ ਚਾੜ੍ਹਨ ਲਈ ਕੀਤੀ ਜਾਵੇਗੀ।

ਸਲਾਨਾ ਰਿਪੋਰਟ।

37. (1) ਅਥਾਰਟੀ ਹਰੇਕ ਸਾਲ ਇੱਕ ਵਾਰ ਅਜਿਹੇ ਰੂਪ ਵਿੱਚ ਅਤੇ ਅਜਿਹੇ ਸਮੇਂ 'ਤੇ, ਜਿਵੇਂ ਮੁੱਕਰਰ ਕੀਤਾ ਜਾਵੇ, ਇੱਕ ਸਲਾਲਾ ਰਿਪੋਰਟ ਤਿਆਰ ਕਰੇਗੀ, ਜਿਸ ਵਿੱਚ ਪੂਰਵ ਸਾਲ ਦੌਰਾਨ ਇਸਦੀਆਂ ਗਤੀਵਿੱਧੀਆਂ ਦਾ ਸੰਖੇਪ ਰੂਪ ਦਿੱਤਾ ਜਾਵੇਗਾ ਅਤੇ ਰਿਪੋਰਟ ਦੀਆਂ ਨਕਲਾਂ ਸਰਕਾਰ ਨੂੰ ਭੇਜੀਆਂ ਜਾਣਗੀਆਂ।

(2) ਉਪ-ਧਾਰਾ (i) ਅਧੀਨ ਪ੍ਰਾਪਤ ਰਿਪੋਰਟ, ਇਸਦੇ ਪ੍ਰਾਪਤ ਹੋਣ ਤੋਂ ਪਿੱਛੋਂ, ਛੇ ਮਹੀਨਿਆ ਦੇ ਅੰਦਰ, ਰਾਜ ਵਿਧਾਨ ਮੰਡਲ ਦੇ ਅੱਗੇ ਰੱਖੀ ਜਾਵੇਗੀ।

ਇਸ ਐਕਟ ਦਾ ਹੋਰ ਕਾਨੂੰਨਾਂ 'ਤੇ ਪ੍ਰਭਾਵ।

38. ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਬਣਾਏ ਗਏ ਕਿਸੇ ਹੋਰ ਕਾਨੂੰਨ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਇਸ ਐਕਟ ਦੇ ਉਪਬੰਧਾਂ ਦਾ ਇਸ ਦੇ ਥੱਲੇ ਆਉਂਦੇ ਮਾਮਲਿਆਂ ਵਿੱਚ ਪੂਰਵਵਰਤੀ ਅਤੇ ਪਰਮ ਪ੍ਰਭਾਵ ਹੋਵੇਗਾ।

ਕਠਨਾਈਆਂ ਦੂਰ ਕਰਨ ਦੀ ਸ਼ਕਤੀ।

39. (1) ਜੇ ਇਸ ਐਕਟ ਦੇ ਕਿਸੇ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਵਿਚ ਕੋਈ ਕਠਨਾਈ ਪੈਦਾ ਹੁੰਦੀ ਹੈ, ਤਾਂ ਸਰਕਾਰ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਹੁਕਮ ਦੁਆਰਾ ਅਜਿਹੀ ਕਠਨਾਈ ਨੂੰ ਦੂਰ ਕਰ ਸਕੇਗੀ:

ਪਰੰਤੂ ਇਸ ਐਕਟ ਦੇ ਅਰੰਭ ਹੋਣ ਦੀ ਤਰੀਕ ਤੋਂ ਦੋ ਸਾਲ ਦੀ ਮੁੱਦਤ ਗੁਜ਼ਰਨ ਪਿੱਛੋਂ ਅਜਿਹਾ ਕੋਈ ਹੁਕਮ ਨਹੀਂ ਦਿੱਤਾ ਜਾਵੇਗਾ।

(2) ਉਪ-ਧਾਰਾ (1) ਅਧੀਨ ਕੀਤਾ ਗਿਆ ਹਰੇਕ ਹੁਕਮ, ਇਸਦੇ ਕੀਤੇ ਜਾਣ ਪਿੱਛੋਂ ਜਿੰਨੀ ਛੇਤੀ ਹੋ ਸਕੇ, ਰਾਜ ਵਿਧਾਨ ਮੰਡਲ ਅੱਗੇ ਰੱਖਿਆ ਜਾਵੇਗਾ।

**ਬੀ.ਬੀ.ਐੱਸ. ਤੇਜੀ,**
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ।

*3702/4-2026/Pb. Govt. Press, S.A.S. Nagar*